भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

वर्ग संख्या
Class No. 915.456 P

पुस्तक संख्या
Book No. Pi 255d

रा० पु०/N. L. 38.
MGIP (L.U.), Sant.--34 NL/93—9-6-94—50,000.

रा० पु०-44
N. L.-44

भारत सरकार
GOVERNMENT OF INDIA
राष्ट्रीय पुस्तकालय
NATIONAL LIBRARY
कलकत्ता
CALCUTTA

अन्तिम अंकित दिनांक वाले दिन यह पुस्तक पुस्तकालय से ली गई थी। दो सप्ताह से अधिक समय तक पुस्तक रखने पर प्रतिदिन 6 पैसे की दर से विलम्ब शुल्क लिया जायगा।

This book was taken from the Library on the date last stamped. A late fee of 6 P. will be charged for each day the book is kept beyond two weeks.

GMGIP (Pub. Unit),Sant.—S7—4LNL/80—20-8-80—250,000.

[redacted]

# ਦਿੱਲੀ ਦੀ ਸੈਰ

ਪਿਆਰਾ ਸਿੰਘ ਦਾਤਾ

ਭਾਸ਼ਾ ਵਿਭਾਗ, ਪੰਜਾਬ

Rs 6.90 National Library, Calcutta
Delivery of Book Act, 1954.
1 FEB 1993

**Delhi Dee Sair (in Punjabi)**

---

Piara Singh Daata

**ਦਿੱਲੀ ਦੀ ਸੈਰ**

ਪਿਆਰਾ ਸਿੰਘ ਦਾਤਾ

P
915.456
Pi255d

(C) ਭਾਸ਼ਾ ਵਿਭਾਗ, ਪੰਜਾਬ

ਸਾਲ : 1990
ਕਾਪੀਆਂ : 5000
ਕੀਮਤ : 6 ਰੁਪਏ, 90 ਪੈਸੇ

National Library
13747
18.2.93

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
ਛਾਪਕ : ਵਿਦਿਆ ਪ੍ਰੈਸ, ਜਲੰਧਰ ਰੋਡ, ਜਲੰਧਰ
ਵੰਡੀ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

# ਦੋ ਸ਼ਬਦ

ਅੱਜ ਵਿਗਿਆਨ ਨੇ ਸਾਰੇ ਦੇਸ਼ ਨੂੰ ਬਹੁਤ ਛੋਟਾ ਕਰ ਦਿਤਾ ਹੈ । ਅਸੀਂ ਕੁਝ ਘੰਟਿਆਂ ਵਿਚ ਹੀ ਸੈਂਕੜੇ ਕਿਲੋਮੀਟਰ ਸਫ਼ਰ ਕਰਕੇ ਦੇਸ਼ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਜਾ ਸਕਦੇ ਹਾਂ । ਦੇਸ਼ ਵਿਚ ਜਦ ਵੀ ਕਿਸੇ ਥਾਂ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਮਿੰਟਾਂ ਵਿਚ ਹੀ ਉਸ ਬਾਰੇ ਦੇਸ਼ ਭਰ ਵਿਚ ਪਤਾ ਲਗ ਜਾਂਦਾ ਹੈ। ਆਪਣੇ ਦੇਸ਼ ਵਿਚ ਵਿਚਰਦੇ ਹੋਏ ਅਸੀਂ ਆਪ ਤੇ ਸਾਡੇ ਬੱਚੇ ਇਥੋਂ ਦੇ ਪ੍ਰਸਿੱਧ ਨਗਰਾਂ ਦੀ ਸੈਰ ਕਰਨਾ ਲੋਚਦੇ ਹਾਂ ਤਾਂ ਜੋ ਉਹ ਪ੍ਰਸਿੱਧ ਨਗਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਸੁੰਦਰ ਦ੍ਰਿਸ਼ਾਂ ਦਾ ਅਨੰਦ ਵੀ ਮਾਣ ਸਕਣ ।

ਭਾਸ਼ਾ ਵਿਭਾਗ, ਪੰਜਾਬ ਨੇ ਪੰਜਾਬੀ ਬੱਚਿਆਂ ਦੀਆਂ ਇੱਛਾਵਾਂ ਨੂੰ ਮੁੱਖ ਰਖਦੇ ਹੋਏ ਬਾਲ ਸਾਹਿਤ ਦੀ ਸਕੀਮ ਅਧੀਨ 'ਸਫ਼ਰਨਾਮਾ' ਸੀਰੀਜ਼ ਹੇਠ ਅਜਿਹੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਦੀ ਯੋਜਨਾ ਬਣਾਈ ਹੈ । ਇਨ੍ਹਾਂ ਪੁਸਤਕਾਂ ਰਾਹੀਂ ਬੱਚਿਆਂ ਨੂੰ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਬਾਰੇ ਪੂਰੀ ਪੂਰੀ ਵਾਕਫ਼ੀ ਦੇਣ ਦਾ ਯਤਨ ਕੀਤਾ ਗਿਆ ਹੈ ।

ਸ: ਪਿਆਰਾ ਸਿੰਘ ਦਾਤਾ ਸਫ਼ਰਨਾਮੇ ਲਿਖਣ ਲਈ ਪੰਜਾਬੀ ਜਗਤ ਵਿਚ ਬਹੁਤ ਪ੍ਰਸਿੱਧ ਹਨ । ਹਥਲੀ ਪੁਸਤਕ 'ਦਿੱਲੀ ਦੀ ਸੈਰ' ਸ. ਪਿਆਰਾ ਸਿੰਘ ਦਾਤਾ ਤੋਂ ਹੀ ਲਿਖਵਾਈ ਗਈ ਹੈ ਜੋ ਕਿ 'ਸਫ਼ਰਨਾਮਾ' ਸੀਰੀਜ਼ ਦੀ ਇਕ ਕੜੀ ਹੈ । ਇਸ ਪੁਸਤਕ ਵਿਚ ਦਾਤਾ ਜੀ ਨੇ ਦਿੱਲੀ ਦੇ ਪਿਛੋਕੜ, ਭੂਗੋਲਕ ਸਥਿਤੀ ਤੇ ਇਥੋਂ ਦੇ ਇਤਿਹਾਸਕ, ਧਾਰਮਕ ਤੇ ਹੋਰ ਵੇਖਣ ਯੋਗ ਸਥਾਨ ਸਬੰਧੀ ਸੰਖੇਪ ਤੇ ਸਰਲ ਭਾਸ਼ਾ ਵਿਚ ਬੜੇ ਰੋਚਕ ਢੰਗ ਨਾਲ ਬਿਆਨ ਕੀਤਾ ਹੈ । ਉਹ ਨਾ ਕੇਵਲ ਮੌਲਿਕ ਕਿਰਤਾਂ ਦੇ ਰਚਨਹਾਰੇ ਹਨ ਬਲਕਿ ਬਹੁਤ ਸਾਰੀਆਂ ਪੁਸਤਕਾਂ ਦੇ ਮੁਖ ਸੰਪਾਦਕ ਵੀ ਹਨ ।

ਆਸ ਹੈ ਸਾਡੇ ਬਾਲ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ ਅਤੇ ਦਿੱਲੀ ਬਾਰੇ ਦਿਲਚਸਪ ਅਤੇ ਭਰਪੂਰ ਵਾਕਫ਼ੀ ਪ੍ਰਾਪਤ ਕਰ ਸਕਣਗੇ ।

ਰਾਜਿੰਦਰ ਸਿੰਘ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

# ਵਿਸ਼ਾ ਸੂਚੀ


| ਕ੍ਰਮ | ਵਿਸ਼ਾ | ਪੰਨਾ |
|---|---|---|
| 1) | ਇਤਿਹਾਸਕ ਪਿਛੋਕੜ | 1 |
| 2) | ਭੂਗੋਲਿਕ ਸਥਿਤੀ | 5 |
| 3) | ਪੁਰਾਤਨ ਦਿੱਲੀ | 8 |
| 4) | ਅੰਗਰੇਜ਼ਾਂ ਦੀ ਦਿੱਲੀ | 17 |
| 5) | ਆਜ਼ਾਦ ਭਾਰਤ ਦੀ ਦਿੱਲੀ | 21 |
| 6) | ਦਿੱਲੀ ਦੇ ਇਤਿਹਾਸਕ ਅਸਥਾਨ | 24 |
| 7) | ਦਿੱਲੀ ਦੇ ਧਾਰਮਕ ਅਸਥਾਨ | 34 |
| 8) | ਦਿੱਲੀ ਦੇ ਬਾਗ਼ ਬਗ਼ੀਚੇ | 38 |
| 9) | ਬੱਚਿਆਂ ਦੀ ਦਿੱਲੀ | 41 |
| 10) | ਦਿੱਲੀ ਵਾਸੀ | 46 |
| 11) | ਦਿੱਲੀ ਬਾਰੇ ਹੋਰ ਜਾਣਕਾਰੀ | 48 |

ਕਾਂਡ ਪਹਿਲਾ

# ਇਤਿਹਾਸਕ ਪਿਛੋਕੜ

ਦਿੱਲੀ ਭਾਰਤ ਦੀ ਰਾਜਧਾਨੀ ਹੈ। ਅੰਗਰੇਜ਼ਾਂ ਦੇ ਸਮੇਂ ਪਹਿਲਾਂ ਭਾਰਤ ਦੀ ਰਾਜਧਾਨੀ ਕਲਕੱਤਾ ਸੀ ਪਰ ਮਗਰੋਂ ਉਨ੍ਹਾਂ ਨੇ ਦਿੱਲੀ ਨੂੰ ਰਾਜਧਾਨੀ ਬਣਾਇਆ ਤੇ ਨਵੀਂ ਦਿੱਲੀ ਦੀ ਉਸਾਰੀ ਅਰੰਭੀ। ਨਵੀਂ ਦਿੱਲੀ ਦੀ ਇਸ ਉਸਾਰੀ ਵਿਚ ਇੰਡੀਆ ਗੇਟ, ਰਾਸ਼ਟਰਪਤੀ ਭਵਨ, ਸੰਸਦ ਭਵਨ ਕੇਂਦਰੀ ਸਕੱਤਰੇਤ ਤੇ ਹੋਰ ਬਹੁਤ ਸਾਰੇ ਦਫ਼ਤਰ ਮੌਜੂਦ ਹਨ। ਨਵੀਂ ਦਿੱਲੀ ਦਾ ਇਲਾਕਾ ਬੜਾ ਵਿਸ਼ਾਲ, ਸਾਫ਼ ਸੁਥਰਾ ਤੇ ਨਵੀਨ ਕਿਸਮ ਦਾ ਹੈ।

ਦਿੱਲੀ ਪ੍ਰਾਚੀਨ ਸਮਿਆਂ ਤੋਂ ਬੜੀ ਇਤਿਹਾਸਕ ਮਹੱਤਤਾ ਰਖਦੀ ਰਹੀ ਆਈ ਹੈ। ਦਿੱਲੀ ਨੇ ਕਈ ਰਾਜ ਸਿਖਰ ਤੇ ਚੜ੍ਹਦੇ ਅਤੇ ਕਈ ਢਹਿ ਢੇਰੀ ਹੁੰਦੇ ਵੇਖੇ। ਦਿੱਲੀ ਨੇ ਮੁਗਲਾਂ ਦੀ ਸਭ ਤੋਂ ਸ਼ਾਨਾ ਹਕੂਮਤ ਵੀ ਵੇਖੀ ਤੇ ਅੰਤ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੀ ਹਕੂਮਤ ਦਾ ਸੂਰਜ ਡੁਬਦਾ ਵੀ ਵੇਖਿਆ। ਦਿੱਲੀ ਨੇ ਰਾਜ ਦੇ ਚੜ੍ਹਦੇ ਸੂਰਜ ਨੂੰ ਵੀ ਵੇਖਿਆ ਤੇ ਆਖਰੀ ਬਾਦਸ਼ਾਹ ਦੀ ਗ੍ਰਿਫ਼ਤਾਰੀ ਤੇ ਉਸ ਦੇ ਬੇਟਿਆਂ ਦੇ ਖੂਨ ਨਾਲ ਹੋਲੀ ਖੇਡੀ ਜਾਂਦੀ ਵੀ ਵੇਖੀ।

ਅੰਗਰੇਜ਼ਾਂ ਨੇ ਭਾਰਤ ਤੇ ਬੜੀ ਸ਼ਾਨ ਨਾਲ ਦੋ ਸੌ ਸਾਲ ਰਾਜ ਕੀਤਾ। ਅੰਗਰੇਜ਼ਾਂ ਦੇ ਇਸ ਸੁਨਹਿਰੀ ਯੁੱਗ ਸਮੇਂ ਉਨ੍ਹਾਂ ਦੇ ਦੁਨੀਆਂ ਭਰ ਵਿਚ ਪਸਰੇ ਰਾਜ ਦਾ ਕਦੀ ਸੂਰਜ ਨਹੀਂ ਸੀ ਡੁੱਬਿਆ। ਪਰ ਦੂਜੀ ਵੱਡੀ ਲੜਾਈ ਵਿਚ ਜਦ ਅੰਗਰੇਜ਼ਾਂ ਨੂੰ ਮਲੇਸ਼ੀਆ ਤੇ ਸਿੰਘਾਪੁਰ ਆਦਿ ਬਸਤੀਆਂ ਵਿਚੋਂ ਜਪਾਨੀਆਂ ਨੇ ਮਾਰ ਭਜਾਇਆ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਕਮਾਨ ਹੇਠਾਂ ਆਜ਼ਾਦ ਹਿੰਦ ਫੌਜ ਨੇ "ਇਨਕਲਾਬ ਜ਼ਿੰਦਾਬਾਦ" ਤੇ "ਦਿੱਲੀ ਚਲੋ" ਦਾ ਨਾਹਰਾ ਲਗਾਇਆ ਉਨ੍ਹਾਂ ਦੇ ਪੈਰ ਸਾਰੇ ਭਾਰਤ 'ਚੋਂ ਉਖੜ ਗਏ ਤੇ ਅੰਤ ਸੰਨ 1947 ਵਿਚ ਅੰਗਰੇਜ਼ਾਂ ਨੂੰ ਸਾਰੀ ਹਿੰਦੁਸਤਾਨ ਵਿਚ ਛੱਡ ਕੇ ਦਿੱਲੀ ਛਡਣੀ ਪਈ ਉਹ ਦਿਹਾੜੀ ਹੈ ਸੁਭਾਗ ਨਵੀਂ ਦਿੱਲੀ ਸ਼ਹਿਰ ਨੂੰ ਹਾਸਿਲ

ਸਖਤੀਆਂ ਤੇ ਮਿਹਨਤਾਂ ਨਾਲ ਉਨ੍ਹਾਂ ਉਸਾਰਿਆ ਸੀ, ਨੂੰ ਛਡ ਕੇ ਵਾਪਸ ਇੰਗਲੈਂਡ ਜਾਣਾ ਪਿਆ। ਜਦੋਂ ਅੰਗਰੇਜ਼ ਸਾਡੇ ਦੇਸ਼ ਤੇ ਰਾਜ ਕਰਦੇ ਸਨ ਤਾਂ ਉਹ ਇਸ ਦੇਸ਼ ਨੂੰ ਲੁੱਟ ਲੁੱਟ ਕੇ ਆਪਣੇ ਦੇਸ਼ ਨੂੰ ਮਾਲਾ ਮਾਲ ਕਰਦੇ ਰਹੇ। ਇਸ ਤਰ੍ਹਾਂ ਸਾਰਾ ਇੰਗਲੈਂਡ ਖੁਸ਼ੀਆਂ ਵਿਚ ਫੁਲਿਆ ਨਹੀਂ ਸੀ ਸਮਾਂਦਾ। ਜਦ ਉਹ ਆਪਣੀ ਹਸਦੀ ਵਸਦੀ ਦਿੱਲੀ ਨੂੰ ਛਡ ਕੇ ਆਪਣੇ ਦੇਸ਼ ਪਰਤੇ ਤਾਂ ਉਥੋਂ ਦੀਆਂ ਇਸਤਰੀਆਂ ਜ਼ਰੂਰ ਕਹਿੰਦੀਆਂ ਹੋਣਗੀਆਂ :—

"ਹਥ ਪੁਰਾਣੇ ਖੋਸੜੇ ਬਸੰਤਾ ਹੋਰੀ ਆਏ ਨੇ।"

ਅੰਗਰੇਜ਼ਾਂ ਦੀ ਹਕੂਮਤ ਸਮੇਂ ਦਿੱਲੀ ਦੇ ਲਾਲ ਕਿਲੇ, ਸੰਸਦ ਭਵਨ ਤੇ ਸਭ ਸਰਕਾਰੀ ਇਮਾਰਤਾਂ ਉਤੇ ਅੰਗਰੇਜ਼ਾਂ ਦਾ ਕੌਮੀ ਝੰਡਾ ਯੂਨੀਅਨ-ਜੈਕ ਲਹਿਰਾਉਂਦਾ ਸੀ। ਪਰ ਸੰਨ 1917 ਤੋਂ ਇਸ ਝੰਡੇ ਦੀ ਥਾਂ ਸਾਡੇ ਦੇਸ਼ ਦੇ ਕੌਮੀ ਝੰਡੇ ਨੇ ਲੈ ਲਈ। ਸਾਡੀ ਦਿੱਲੀ ਨੇ ਬੜੇ ਰੰਗ ਵੇਖੇ ਦਿੱਲੀਇਕ ਵਾਰ ਨਹੀਂ ਕਈ ਵਾਰ ਉਜੜੀ ਤੇ ਕਈ ਵਾਰ ਵਸੀ।

ਦੇਸ਼ ਦੀ ਵੰਡ ਤੋਂ ਪਹਿਲਾਂ ਪੁਰਾਣੀ ਦਿੱਲੀ ਤੇ ਨਵੀਂ ਦਿੱਲੀ ਦੀ ਆਬਾਦੀ ਮਸਾਂ 7 ਲੱਖ ਸੀ। ਅਜ ਕੱਲ੍ਹ ਇਸ ਦੀ ਆਬਾਦੀ 70 ਲਖ ਦੇ ਲਗ ਭਗ ਹੈ। ਪੁਰਾਣੇ ਸਮਿਆਂ ਦੇ ਕਈ ਕਿਲ੍ਹੇ, ਬਾਗ ਬਗੀਚੇ, ਮਕਬਰੇ, ਮਸਜਦਾਂ, ਮੰਦਰ, ਗੁਰਦੁਆਰੇ ਅਤੇ ਗਿਰਜੇ ਅੱਜ ਵੀ ਵੇਖੇ ਜਾ ਸਕਦੇ ਹਨ। ਭਾਰਤ ਸਰਕਾਰ ਦੇ ਬਹੁਤ ਸਾਰੇ ਦਫਤਰ ਨਵੀਂ ਦਿੱਲੀ ਵਿਚ ਮੌਜੂਦ ਹਨ।

ਦਿੱਲੀ ਵਿਚ ਭਾਰਤ ਦੇ ਹਰ ਸੂਬੇ ਦੇ ਵਸਨੀਕ ਰਹਿੰਦੇ ਹਨ। ਭਾਰਤ ਦੀਆਂ 15 ਬੋਲੀਆਂ ਇਥੇ ਬੋਲੀਆਂ ਜਾਂਦੀਆਂ ਹਨ, ਪਰ ਇਥੋਂ ਦੀ ਬਹੁਗਿਣਤੀ ਦੀ ਭਾਸ਼ਾ ਹਿੰਦੀ ਹੈ। ਦੂਜੇ ਦਰਜੇ ਤੇ ਪੰਜਾਬੀ ਬੋਲੀ ਜਾਂਦੀ ਹੈ। ਪੰਜਾਬੀ ਲੋਕ ਦਿੱਲੀ ਵਿਚ ਦੇਸ਼ ਦੀ ਵੰਡ ਤੋਂ ਮਗਰੋਂ ਆ ਕੇ ਵਸੇ ਹਨ, ਜਿਨ੍ਹਾਂ ਦੀ ਗਿਣਤੀ ਕਈ ਲੱਖ ਹੈ।

ਨਵੀਂ ਦਿੱਲੀ ਵਿਚ ਦੁਨੀਆਂ ਭਰ ਦੇ ਸਭ ਮੁਲਕਾਂ ਦੀਆਂ ਅੰਬੈਸੀਆਂ ਹਨ ਜਿਨ੍ਹਾਂ ਵਿਚ ਵੱਖ ਵੱਖ ਮੁਲਕਾਂ ਦੇ ਰਾਜਦੂਤ ਤੇ ਉਨ੍ਹਾਂ ਦੇ ਦਫਤਰ ਹਨ। ਦਿੱਲੀ ਨਿਵਾਸੀ ਕਈ ਬੋਲੀਆਂ ਤਾਂ ਬੋਲਦੇ ਹੀ ਹਨ ਪਰ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਇਲਾਵਾ ਦੁਨੀਆਂ ਦੇ ਸਭ ਮੁਲਕਾਂ ਦੇ ਵੱਖ ਵੱਖਰੇ ਤੇ ਵਚਿੱਤਰ ਲਿਬਾਸ ਵੀ ਇਥੇ ਵੇਖਣ ਨੂੰ ਮਿਲਦੇ ਹਨ।

ਭਾਰਤ ਦੀ ਰਾਜਧਾਨੀ ਦਿੱਲੀ ਜਮਨਾ ਦਰਿਆ ਦੇ ਕਿਨਾਰੇ ਵਸਿਆ ਹੋਇਆ ਸ਼ਹਿਰ ਹੈ। ਜਿਵੇਂ ਕਸ਼ਮੀਰ ਵਿਚੋਂ ਦਰਿਆ ਜੇਹਲਮ, ਸ੍ਰੀ ਨਗਰ ਸ਼ਹਿਰ ਵਿਚਕਾਰੋਂ ਲੰਘਦਾ ਹੈ ਤੇ ਸ੍ਰੀ ਨਗਰ ਵਾਸੀਆਂ ਨੂੰ ਉਸ ਤੇ ਬੜਾ ਗੌਰਵ ਹੈ ਇਵੇਂ ਹੀ ਦਿੱਲੀ ਨਿਵਾਸੀ ਜਮਨਾ ਦਰਿਆ ਤੇ ਮਾਣ ਕਰਦੇ ਹਨ।

ਜਮਨਾ ਦਰਿਆ ਦੇ ਨਾਲ ਲਗਦੀ ਧਰਤੀ ਕੁਝ ਨੀਵੀਂ ਤੇ ਰੇਤਲੀ ਹੈ। ਕਸ਼ਮੀਰ ਦੇ ਜਿਨਾਂ

ਵਿਚ ਜਦ ਜਮਨਾ ਦਰਿਆ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਕਈ ਇੰਚ ਉਪਰ ਹੋ ਜਾਂਦਾ ਹੈ ਤਾਂ ਦਿੱਲੀ ਦੇ ਨੇੜੇ ਤੇੜੇ ਦੇ ਕਈ ਪਿੰਡ ਪਾਣੀ ਵਿਚ ਡੁੱਬ ਜਾਂਦੇ ਹਨ। ਪਰ ਗਰਮੀਆਂ ਦੀ ਰੁੱਤ ਵਿਚ ਜਦ ਦਰਿਆ ਵਿਚ ਪਾਣੀ ਬਹੁਤ ਘਟ ਜਾਂਦਾ ਹੈ ਤਾਂ ਦਰਿਆ ਦੇ ਉਸ ਹਿਸੇ ਵਿਚ ਜਿਥੇ ਪਾਣੀ ਨਹੀਂ ਵਹਿੰਦਾ ਵੱਡੀ ਮਾਤਰਾ ਵਿਚ ਵੱਖੋ ਵੱਖ ਕਿਸਮ ਦੀਆਂ ਸਬਜ਼ੀਆਂ ਖਰਬੂਜੇ, ਤਰਬੂਜ਼ ਤੇ ਕਕੜੀਆਂ ਆਦਿ ਉਗਾਈਆਂ ਜਾਂਦੀਆਂ ਹਨ। ਇਸੇ ਖਾਲੀ ਥਾਂ ਤੇ ਉਚਾ ਉਚਾ ਘਾਹ ਤੇ ਸਰਕੰਡਾ ਹੁੰਦਾ ਹੈ ਜਿਸ ਤੋਂ ਮੂੜ੍ਹੇ ਤੇ ਟੋਕਰੀਆਂ ਆਦਿ ਬਣਦੀਆਂ ਹਨ। ਇਸੇ ਜਮਨਾ ਦਰਿਆ ਦਾ ਪਾਣੀ ਸਾਫ ਕਰਕੇ ਦਿੱਲੀ ਨਿਵਾਸੀਆਂ ਨੂੰ ਪੀਣ ਲਈ ਮਿਲਦਾ ਹੈ ਤੇ ਦਿੱਲੀ ਨਿਵਾਸੀਆਂ ਦੀਆਂ ਕਈ ਲੋੜਾਂ ਪੂਰੀਆਂ ਕਰਦਾ ਹੈ।

ਦਿੱਲੀ ਦੇ ਖੇਤਰ ਵਿਚ ਕਈ ਛੋਟੀਆਂ ਛੋਟੀਆਂ ਪਹਾੜੀਆਂ ਪਾਈਆਂ ਜਾਂਦੀਆਂ ਹਨ। ਮਹਿਰੌਲੀ, ਤੁਗਲਕਾਬਾਦ ਤੇ ਕਾਲਕਾ ਜੀ ਤੋਂ ਇਲਾਵਾ ਹੋਰ ਕਈ ਬਸਤੀਆਂ ਤੇ ਪਿੰਡ ਇਨ੍ਹਾਂ ਪਹਾੜੀਆਂ ਤੇ ਵਸੇ ਹੋਏ ਹਨ। ਇਨ੍ਹਾਂ ਪਹਾੜੀਆਂ ਚੋਂ ਕੁਝ ਨੂੰ ਕੱਟ ਕੇ ਨਵੀਆਂ ਬਸਤੀਆਂ ਤੇ ਸੜਕਾਂ ਬਣਾਈਆਂ ਗਈਆਂ ਹਨ। ਦਿੱਲੀ ਦੀਆਂ ਪੁਰਾਣੀਆਂ ਤੇ ਨਵੀਆਂ ਬਸਤੀਆਂ ਵਿਚਕਾਰ ਜੋ ਖਾਲੀ ਥਾਵਾਂ ਹਨ, ਉਥੇ ਕੰਡੇਦਾਰ ਝਾੜੀਆਂ ਤੇ ਕਿਕਰ ਤੇ ਬਬੂਲ ਆਦਿ ਦੇ ਬ੍ਰਿਛ ਵਿਖਾਈ ਦੇਂਦੇ ਹਨ। ਕਿਧਰੇ ਕਿਧਰੇ ਨਿੰਮ ਤੇ ਢਕ ਦੇ ਰੁੱਖ ਵੀ ਮਿਲਦੇ ਹਨ।

ਰੇਤਲੇ ਤੇ ਪਹਾੜੀ ਇਲਾਕੇ ਤੋਂ ਬਿਨਾਂ ਦਿੱਲੀ ਦਾ ਲਗਭਗ ਅੱਧਾ ਹਿੱਸਾ ਮੈਦਾਨੀ ਹੈ। ਇਹ ਹਿੱਸਾ ਖੇਤੀ ਲਈ ਬੜਾ ਵਧੀਆ ਹੈ। ਇਥੇ ਕਣਕ, ਬਾਜਰਾ, ਗੰਨਾ, ਕਾਫ਼ੀ ਮਾਤਰਾ ਵਿਚ ਪੈਦਾ ਹੁੰਦਾ ਹੈ। ਇਥੇ ਸਬਜ਼ੀਆਂ ਤੇ ਫਲ ਵੀ ਹੁੰਦੇ ਹਨ।

ਦਿੱਲੀ ਦੀ ਇਕ ਪ੍ਰਸਿੱਧ ਬਸਤੀ ਤਿਲਕ ਨਗਰ ਹੈ। ਉਸ ਤੋਂ ਥੋੜ੍ਹੀ ਦੂਰ ਇਕ ਝੀਲ ਹੈ ਜਿਸ ਨੂੰ ਨਜਫਗੜ੍ਹ ਝੀਲ ਕਹਿੰਦੇ ਹਨ। ਬਾਰਸ਼ਾਂ ਦੇ ਦਿਨਾਂ ਵਿਚ ਜਦ ਝੀਲ ਪਾਣੀ ਨਾਲ ਨੱਕੋ ਨੱਕ ਭਰ ਜਾਂਦੀ ਹੈ ਤਾਂ ਆਸ ਪਾਸ ਦੇ ਪਿੰਡਾਂ ਵਿਚ ਹੜ੍ਹ ਦਾ ਖਤਰਾ ਪੈਦਾ ਹੋ ਜਾਂਦਾ ਹੈ।

ਦਿੱਲੀ ਵਿਚ ਤਿੰਨ ਮੌਸਮ ਹਨ, ਸਰਦੀ, ਗਰਮੀ ਤੇ ਬਰਸਾਤ। ਦਸੰਬਰ ਤੇ ਜਨਵਰੀ ਦੇ ਮਹੀਨੇ ਖੂਬ ਸਰਦੀ ਪੈਂਦੀ ਹੈ। ਉਨੀਂ ਦਿਨੀਂ ਦਿੱਲੀ ਨਿਵਾਸੀ ਗਰਮ ਕੱਪੜੇ ਪਹਿਨਦੇ ਹਨ। ਇਥੇ ਮਈ ਤੇ ਜੂਨ ਦੇ ਮਹੀਨੇ ਬਹੁਤ ਗਰਮੀ ਪੈਂਦੀ ਹੈ। ਇਨ੍ਹਾਂ ਦਿਨਾਂ ਵਿਚ ਸਕੂਲਾਂ, ਕਾਲਜਾਂ ਤੇ ਕਚਹਿਰੀਆਂ ਵਿਚ ਛੁਟੀਆਂ ਹੋ ਜਾਂਦੀਆਂ ਹਨ। ਸਰਦੇ ਪੁੱਜਦੇ ਲੋਕੀ ਪਹਾੜਾਂ ਤੇ ਚਲੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਗਰਮ ਲੂਆਂ ਤੇ ਕਦੀ ਕਦੀ ਹਨੇਰੀਆਂ ਵੀ ਚਲਦੀਆਂ ਹਨ।

ਗਰਮੀ ਪਿਛੋਂ ਬਰਸਾਤ ਦਾ ਮੌਸਮ ਆਉਂਦਾ ਹੈ। ਜੁਲਾਈ ਅਗਸਤ ਵਿਚ ਖੂਬ ਵਰਖਾ ਹੁੰਦੀ ਹੈ। ਵੈਸੇ ਤਾਂ ਇਹ ਮੌਸਮ ਬੜਾ ਸੁਹਾਵਣਾ ਹੁੰਦਾ ਹੈ ਤੇ ਹਰ ਪਾਸੇ ਹਰਿਆਵਲ ਤੇ ਠੰਢਕ [illegible] ਹੁੰਦਾ ਹੈ। ਪਰ ਜਦ ਲਗਾਤਾਰ ਬਾਰਸ਼ਾਂ ਅਰੰਭ ਹੋ ਜਾਣ ਤਾਂ ਸ਼ਹਿਰ ਦੀਆਂ ਕਈ ਨੀਵੀਆਂ ਬਸਤੀਆਂ ਤੇ ਨੇੜੇ ਤੇੜੇ ਦੇ ਪਿੰਡਾਂ ਵਿਚ ਪਾਣੀ [illegible] ਤਾਂ ਸਬਜ਼ੀਆਂ ਤੇ ਅਨਾਜ

ਬਰਬਾਦ ਹੋ ਜਾਂਦਾ ਹੈ। ਕੋਠੀਆਂ ਤੇ ਪੁਰਾਣੀਆਂ ਇਮਾਰਤਾਂ ਡਿੱਗ ਜਾਂਦੀਆਂ ਹਨ, ਕਮਜ਼ੋਰ ਵਰਗਾਂ ਦੇ ਲੋਕ ਇਨ੍ਹਾਂ ਦਿਨਾਂ ਵਿਚ ਬਹੁਤ ਮੁਸ਼ਕਲਾਂ ਵਿਚੋਂ ਲੰਘਦੇ ਹਨ।

ਬਰਸਾਤ ਵਿਚ ਹੜ੍ਹ ਤੋਂ ਬਚਣ ਲਈ ਦਰਿਆ ਜਮਨਾ ਤੇ ਬਰਸਾਤੀ ਨਾਲਿਆਂ ਦੇ ਨੇੜੇ ਮਿੱਟੀ ਤੇ ਪੱਥਰ ਦੇ ਬੰਨ੍ਹ ਉਸਾਰੇ ਗਏ ਹਨ ਤਾਂ ਜੋ ਹੜ੍ਹਾਂ ਸਮੇਂ ਦਿੱਲੀ ਨਿਵਾਸੀ ਸੁਰੱਖਿਅਤ ਰਹਿ ਸਕਣ।

ਕਾਂਡ ਦੂਜਾ

## ਭੂਗੋਲਿਕ ਸਥਿਤੀ

# ਦਿੱਲੀ ਦੇ ਗਵਾਂਢੀ ਸੂਬੇ

ਦਿੱਲੀ ਨਾਲ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਪੰਜਾਬ ਦੇ ਸੂਬੇ ਲਗਦੇ ਹਨ। ਪਰ ਹਰਿਆਣਾ ਤੇ ਉੱਤਰ ਪ੍ਰਦੇਸ਼ ਦੀਆਂ ਹੱਦਾਂ ਤਾਂ ਦਿੱਲੀ ਦੇ ਬਿਲਕੁਲ ਨਾਲ ਲਗਦੀਆਂ ਹਨ।

### ਉੱਤਰ ਪ੍ਰਦੇਸ਼

ਦਿੱਲੀ ਦੇ ਨਾਲ ਲਗਦਾ ਨਗਰ ਗਾਜ਼ੀਆਬਾਦ ਹੈ। ਗਾਜ਼ੀਆਬਾਦ ਪਹੁੰਚ ਕੇ ਇਵੇਂ ਹੀ ਲਗਦਾ ਹੈ ਜਿਵੇਂ ਦਿੱਲੀ ਦੀ ਕੋਈ ਬਸਤੀ ਹੋਵੇ, ਪਰ ਹੈ ਇਹ ਉੱਤਰ ਪ੍ਰਦੇਸ਼ ਦਾ ਨਗਰ। ਦਿੱਲੀ ਤੋਂ ਸੈਂਕੜੇ ਬਸਾਂ ਤੇ ਕਈ ਦਰਜਨ ਰੇਲ ਗੱਡੀਆਂ ਦਿਨ ਰਾਤ ਗਾਜ਼ੀਆਬਾਦ ਵਲ ਜਾਂਦੀਆਂ ਹਨ। ਹਜ਼ਾਰਾਂ ਕਾਮੇ, ਮਜ਼ਦੂਰ ਬਾਬੂ ਤੇ ਅਫਸਰ ਲੋਕ ਹਰ ਰੋਜ਼ ਗਾਜ਼ੀਆਬਾਦ ਤੋਂ ਦਿੱਲੀ ਤੇ ਦਿੱਲੀ ਤੋਂ ਗਾਜ਼ੀਆਬਾਦ ਕੰਮ ਲਈ ਜਾਂਦੇ ਹਨ।

ਉੱਤਰ ਪ੍ਰਦੇਸ਼ ਬਹੁਤ ਵਡਾ ਰਾਜ ਹੈ ਤੇ ਇਹ ਸੂਬਾ ਦਿੱਲੀ ਦੇ ਪੂਰਬ ਵਲ ਨੂੰ ਹੈ।

ਉੱਤਰ ਪ੍ਰਦੇਸ਼ ਦੀ ਜਨ-ਗਣਨਾ ਭਾਰਤ ਦੇ ਸਭ ਸੂਬਿਆਂ ਤੋਂ ਵਧੇਰੇ ਹੈ। ਲਗਭਗ ਨੌਂ ਕਰੋੜ ਦੀ ਆਬਾਦੀ ਇਸ ਸੂਬੇ ਵਿਚ ਹੈ ਜਦ ਕਿ ਪੰਜਾਬ ਦੀ ਆਬਾਦੀ ਦੋ ਕਰੋੜ ਤੋਂ ਵੀ ਘੱਟ ਹੈ।

ਸਾਰੇ ਉੱਤਰ ਪ੍ਰਦੇਸ਼ ਵਿਚ ਦਰਿਆਵਾਂ ਦਾ ਜਾਲ ਵਿਛਿਆ ਹੋਇਆ ਹੈ। ਗੰਗਾ ਤੇ ਜਮਨਾ ਬਹੁਤ ਵਡੇ ਦਰਿਆ (ਇਸ ਪ੍ਰਾਂਤ ਵਿਚ ਵਹਿੰਦੇ ਹਨ)। ਇਨ੍ਹਾਂ ਦਰਿਆਵਾਂ ਵਿਚ ਕਈ ਛੋਟੀਆਂ ਨਦੀਆਂ ਆਕੇ ਮਿਲਦੀਆਂ ਹਨ ਜਿਨ੍ਹਾਂ ਨੂੰ ਗੰਗਾ ਜਮਨਾ ਦੀਆਂ ਸਹਾਇਕ ਨਦੀਆਂ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਚੰਬਲ, ਸਰਜੂ ਤੇ ਕੇਨ ਆਦਿ ਪ੍ਰਸਿੱਧ ਹਨ। ਜਮਨਾ ਦਰਿਆ ਤਾਂ ਦਿੱਲੀ ਵਿਚੋਂ ਲੰਘਦਾ ਹੈ ਕਿਸੇ ਸਮੇਂ ਇਹ ਲਾਲ ਕਿਲ੍ਹੇ ਦੇ ਬਿਲਕੁਲ ਨਾਲ ਵਗਦਾ ਹੁੰਦਾ ਸੀ। ਹੁਣ ਇਹ

ਲਾਗ ਸਿਵ੍ਹੋ ਨੌਂ ਸੌ ਫਰਲਾਂਗ ਦੀ ਦੂਰੀ ਤੇ ਹੈ। ਉੱਤਰ ਪ੍ਰਦੇਸ਼ ਵਿਚ ਲਗਭਗ ਬਾਨ੍ਹੀ ਹਜ਼ਾਰ ਪਿੰਡ ਹਨ, ਜਿਨ੍ਹਾਂ ਵਿਚ ਰਹਿਣ ਵਾਲੇ ਲੋਕ ਜ਼ਿਆਦਾਤਰ ਕਰਕੇ ਖੇਤੀ ਬਾੜੀ ਕਰਦੇ ਹਨ।

ਇਥੇ ਅੰਬ, ਅਮਰੂਦ ਤੇ ਜਾਮਨ ਦੇ ਬ੍ਰਿਛ ਆਮ ਮਿਲਦੇ ਹਨ। ਦਰਿਆਵਾਂ ਵਿਚੋਂ ਬਹੁਤ ਸਾਰੀਆਂ ਨਹਿਰਾਂ ਕੱਢਕੇ ਉੱਤਰ ਪ੍ਰਦੇਸ਼ ਦੇ ਖੇਤਾਂ ਨੂੰ ਸਿੰਜਿਆ ਜਾਂਦਾ ਹੈ। ਇਥੋਂ ਦੀ ਧਰਤੀ ਬੜੀ ਉਪਜਾਊ ਹੈ। ਇਕ ਨਵੀਨ ਢੰਗ ਦੇ ਸੈਂਕੜੇ ਫਾਰਮ ਬਣੇ ਹੋਏ ਹਨ ਜਿਨ੍ਹਾਂ ਵਿਚ ਟਰੈਕਟਰਾਂ ਨਾਲ ਖੇਤੀ ਹੁੰਦੀ ਹੈ। ਪੈਦਾ ਹੋਣ ਵਾਲੇ ਅਨਾਜ ਕਣਕ ਤੇ ਗੰਨੇ ਨੂੰ ਟਰਕਾਂ, ਟਰਾਲੀਆਂ ਤੇ ਗੱਡੀਆਂ ਰਾਹੀਂ ਨੇੜੇ ਦੀਆਂ ਮੰਡੀਆਂ ਵਿਚ ਪਹੁੰਚਾਇਆ ਜਾਂਦਾ ਹੈ। ਇਸ ਧਰਤੀ ਤੇ ਬਹੁਤ ਸਾਰੇ ਫਲਾਂ ਦੇ ਬਾਗ ਹਨ ਜਿਨ੍ਹਾਂ ਵਿਚ ਅੰਬ, ਅਮਰੂਦ, ਲੀਚੀ ਤੇ ਜਾਮਨ ਬਹੁਤ ਹੁੰਦੇ ਹਨ। ਇਲਾਹਾਬਾਦ ਦੇ ਅਮਰੂਦ ਤੇ ਲਖਨਊ ਦੇ ਅੰਬ ਤਾਂ ਬੜੇ ਪ੍ਰਸਿੱਧ ਹਨ।

ਇਸ ਰਾਜ ਵਿਚ ਖੰਡ ਬਣਾਉਣ ਦੇ ਕਈ ਵੱਡੇ ਕਾਰਖਾਨੇ ਹਨ। ਕਾਨ੍ਹਪੁਰ ਵਿਚ ਊਨੀ ਸੂਤੀ ਕੱਪੜ ਤੇ ਚਮੜੇ ਦੇ ਬੂਟ ਬਣਦੇ ਹਨ। ਇਸ ਪ੍ਰਾਂਤ ਦੇ ਆਗਰਾ ਸ਼ਹਿਰ ਵਿਚ ਦੁਨੀਆਂ ਦਾ ਅੱਠਵਾਂ ਅਜੂਬਾ ਤਾਜ ਮਹੱਲ ਹੈ ਜਿਸ ਨੂੰ ਦੁਨੀਆ ਭਰ ਤੋਂ ਲੋਕੀਂ ਵੇਖਣ ਆਉਂਦੇ ਹਨ।

ਇਸ ਪ੍ਰਾਂਤ ਵਿਚ ਹਿੰਦੂਆਂ ਦੇ ਬਹੁਤ ਸਾਰੇ ਤੀਰਥ ਹਨ, ਜਿਵੇਂ ਮਥਰਾ ਬਿੰਦਰਾਬਨ, ਬਨਾਰਸ ਹਰਦੁਆਰ, ਅਯੁੱਧਿਆ, ਬਦਰੀਨਾਥ, ਕੇਦਾਰਨਾਥ, ਰਿਸ਼ੀ ਕੇਸ਼ ਤੇ ਲਛਮਣ ਝੂਲਾ ਆਦਿ ਹਨ। ਨੈਨੀਤਾਲ ਤੇ ਮਸੂਰੀ ਵਰਗੇ ਪਹਾੜੀ ਅਸਥਾਨ ਵੀ ਇਸੇ ਪ੍ਰਾਂਤ ਵਿਚ ਹਨ, ਜਿਥੇ ਹਰ ਸਾਲ ਗਰਮੀਆਂ ਵਿਚ ਲੱਖਾਂ ਲੋਕੀਂ ਸੈਰ ਲਈ ਜਾਂਦੇ ਹਨ।

ਇਸ ਪ੍ਰਾਂਤ ਵਿਚ ਰਹਿਣ ਵਾਲਿਆਂ ਵਿਚ ਹਿੰਦੂ, ਸਿਖ, ਮੁਸਲਮਾਨ, ਈਸਾਈ ਤੇ ਬੋਧੀ ਲੋਕ ਹਨ।

## ਹਰਿਆਣਾ

ਹਰਿਆਣਾ, ਦਿੱਲੀ ਦਾ ਗਵਾਂਢੀ ਸੂਬਾ ਹੈ। ਦਿੱਲੀ ਦੇ ਤਿੰਨ ਪਾਸਿਆਂ ਦੀਆਂ ਹੱਦਾਂ ਹਰਿਆਣਾ ਪ੍ਰਾਂਤ ਨਾਲ ਲਗਦੀਆਂ ਹਨ। ਹਰਿਆਣਾ ਇਕ ਛੋਟਾ ਜਿਹਾ ਪ੍ਰਾਂਤ ਹੈ। ਇਹ ਅੱਜ ਤੋਂ ਕੁਝ ਸਾਲ ਪਹਿਲਾਂ ਪੰਜਾਬ ਦਾ ਹੀ ਹਿੱਸਾ ਸੀ। ਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਦੋ ਹਿੱਸੇ ਹੋ ਗਏ। ਹਰਿਆਣਵੀ ਬੋਲੀ ਦੇ ਰਾਜ ਦਾ ਨਾਂ ਹਰਿਆਣਾ ਪੈ ਗਿਆ ਹੈ। ਹਰਿਆਣੇ ਦੇ ਕੁਲ ਬਾਰਾਂ ਜ਼ਿਲ੍ਹੇ ਹਨ, ਜਿਨ੍ਹਾਂ ਵਿਚ ਇਥੋਂ ਦੀ ਬਹੁਤੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਤੇ ਖੇਤੀ ਬਾੜੀ ਤੇ ਗੁਜ਼ਾਰਾ ਕਰਦੀ ਹੈ। ਹਰਿਆਣੇ ਦੇ ਮਰਦ ਆਮ ਕਰਕੇ ਸਿਰਾਂ ਤੇ ਪਗੜੀ ਜਾਂ ਟੋਪੀ, ਗਲ ਕੁੜਤਾ ਤੇ ਧੋਤੀ ਪਹਿਨਦੇ ਹਨ ਅਤੇ ਇਸਤਰੀਆਂ ਲਹਿੰਗਾ ਤੇ ਔਢਨੀ। ਸ਼ਹਿਰਾਂ ਵਿਚ ਪਹਿਰਾਵਾ ਬਦਲ ਗਿਆ ਹੈ। ਉਥੇ ਉਹ ਸਲਵਾਰ ਤੇ ਕਮੀਜ਼ ਪਹਿਨਦੀਆਂ ਹਨ। ਸ਼ਹਿਰ ਦੇ ਕਾਲਜ ਦੀਆਂ ਕੁੜੀਆਂ ਵਿਚ ਬੈਲ ਬਾਟਮ ਦਾ ਰਿਵਾਜ ਹੀ ਚੱਲ ਪਿਆ ਹੈ।

ਇਸ ਸੂਬੇ ਵਿਚ ਖੇਤੀ ਬਾੜੀ ਲਈ ਟਰੈਕਟਰਾਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਧਰਤੀ

ਬਹੁਤ ਉਪਜਾਊ ਹੈ। ਕਣਕ, ਜੀਰੀ, ਬਾਜਰਾ 'ਜੌਂ' ਛੋਲਾ ਤੇ ਰੂੰ ਦੀ ਉਪਜ ਹੁੰਦੀ ਹੈ। ਦਿੱਲੀ ਦੇ ਨੇੜੇ ਲਗਦੀ ਧਰਤੀ ਵਿਚ ਸਬਜ਼ੀਆ ਬੀਜੀਆ ਜਾਂਦੀਆ ਹਨ, ਜੋ ਦਿੱਲੀ ਦੀ ਆਮ ਮੰਡੀ ਵਿਚ ਭੇਜੀਆ ਜਾਂਦੀਆ ਹਨ।

ਇਸ ਪ੍ਰਾਂਤ ਵਿਚ ਬਹੁਤ ਵਧੀਆ ਨਸਲ ਦੇ ਪਸ਼ੂ ਹੁੰਦੇ ਹਨ। ਹਿਸਾਰ ਦੇ ਬਲਦ ਤੇ ਗਊਆਂ ਬਹੁਤ ਪ੍ਰਸਿੱਧ ਹਨ। ਇਥੇ ਡੰਗਰਾਂ ਦਾ ਇਕ ਬਹੁਤ ਵੱਡਾ ਫਾਰਮ ਹੈ ਜਿਥੇ ਪਸ਼ੂਆਂ ਨੂੰ ਨਵੀਨ ਢੰਗ ਨਾਲ ਪਾਲਿਆ ਜਾਂਦਾ ਹੈ। ਇਥੋਂ ਦੀਆ ਗਾਵਾ ਤੇ ਮਝਾਂ ਬਹੁਤ ਦੁੱਧ ਦੇਂਦੀਆਂ ਹਨ। ਦਿੱਲੀ ਵਿਚ ਵਿਕਣ ਵਾਲਾ ਬਹੁਤਾ ਦੁੱਧ ਹਰਿਆਣੇ ਤੋਂ ਆਉਂਦਾ ਹੈ। ਕਰਨਾਲ ਵਿਚ ਦੁੱਧ ਦੀ ਇਕ ਬਹੁਤ ਵੱਡੀ ਡੇਅਰੀ ਹੈ। ਦਿੱਲੀ ਨਾਲ ਲਗਦਾ ਨਗਰ ਫਰੀਦਾਬਾਦ ਹੈ ਜਿਥੇ ਵੱਡੇ ਛੋਟੇ ਸੈਂਕੜੇ ਕਾਰਖਾਨੇ ਹਨ। ਦਿੱਲੀ ਦੇ ਨੇੜੇ ਹੀ ਬਲਬਗੜ੍ਹ ਨਗਰ ਵਿਚ ਇਕ ਬਹੁਤ ਵਡਾ ਕਾਰਖਾਨਾ ਹੈ ਜਿਥੇ ਰਬੜ ਦੇ ਟਾਇਰ ਤੇ ਕਈ ਹੋਰ ਚੀਜ਼ਾ ਬਣਦੀਆ ਹਨ।

ਜਗਾਧਰੀ ਵਿਚ ਕਾਗਜ਼ ਬਣਾਉਣ ਦਾ ਇਕ ਬਹੁਤ ਵਡਾ ਕਾਰਖਾਨਾ ਹੈ। ਸੋਨੀਪਤ ਵਿਚ ਸਾਈਕਲ ਬਣਾਉਣ ਦਾ ਕਾਰਖਾਨਾ ਹੈ। ਇਥੇ ਸਿਲਾਈ ਦੀਆਂ ਮਸ਼ੀਨਾਂ ਵੀ ਬਣਾਈਆਂ ਜਾਂਦੀਆ ਹਨ। ਹਰਿਆਣਾ ਤੇ ਪੰਜਾਬ ਦੋਹਾਂ ਪ੍ਰਾਂਤਾਂ ਦੀ ਰਾਜਧਾਨੀ ਚੰਡੀਗੜ੍ਹ ਹੈ। ਦੋਹਾਂ ਪ੍ਰਾਂਤਾਂ ਦੇ ਬਹੁਤ ਸਾਰੇ ਦਫ਼ਤਰ ਚੰਡੀਗੜ੍ਹ ਵਿਚ ਹੀ ਹਨ।

ਕੁਰਕਸ਼ੇਤਰ ਵਿਚ ਹਰਿਆਣੇ ਦੀ ਯੂਨੀਵਰਸਿਟੀ ਹੈ। ਇਥੇ ਸੂਰਜ ਗ੍ਰਹਿਣ ਸਮੇਂ ਬੜਾ ਭਾਰੀ ਮੇਲਾ ਲਗਦਾ ਹੈ, ਜਿਥੇ ਹਰ ਸਾਲ ਦੂਰੋਂ ਦੂਰੋਂ ਲੱਖਾਂ ਯਾਤਰੀ ਆ ਕੇ ਤਲਾਬਾਂ ਵਿਚ ਇਸ਼ਨਾਨ ਕਰਦੇ ਹਨ।

ਇਸ ਪ੍ਰਾਂਤ ਵਿਚ ਵੀ ਹਿੰਦੂ ਸਿਖ, ਮੁਸਲਮਾਨ ਤੇ ਈਸਾਈ ਆਬਾਦ ਹਨ। ਸੂਬੇ ਦੀ ਬੋਲੀ ਹਿੰਦੀ ਹੈ। ਸਰਕਾਰ ਨੇ ਪੰਜਾਬੀ ਨੂੰ ਸੂਬੇ ਦੀ ਦੂਜੀ ਜ਼ੁਬਾਨ ਮੰਨਿਆ ਹੈ ਕਿਉਂਕਿ ਇਸ ਸੂਬੇ ਵਿਚ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਹਨ।

ਕਾਂਡ ਤੀਜਾ

# ਪੁਰਾਤਨ ਦਿੱਲੀ

ਅੱਜ ਤੋਂ ਕਈ ਸਦੀਆਂ ਪਹਿਲਾਂ ਪਾਂਡੋਆਂ ਨੇ ਦਿੱਲੀ ਦੀ ਨੀਂਹ ਰਖੀ ਸੀ। ਉਦੋਂ ਇਸ ਨਗਰ ਦਾ ਨਾਂ ਇੰਦਰ ਪ੍ਰਸਥ ਸੀ। ਇਤਿਹਾਸ ਵਿਚ ਦਸਵੀਂ ਸਦੀ ਤੋਂ ਪਹਿਲਾਂ ਦਿੱਲੀ ਦਾ ਨਾਂ ਨਹੀਂ ਮਿਲਦਾ। ਦਿੱਲੀ ਦੀ ਪੁਰਾਤਨਤਾ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਪੁਰਾਣਾਂ ਵਿਚ ਜ਼ਿਕਰ ਆਉਂਦਾ ਹੈ ਕਿ ਪੁਰਾਣੇ ਸਮੇਂ ਇਕ ਚੰਦਰ ਵੰਸ਼ੀ ਰਾਜਾ ਸੀ ਜਿਸਦਾ ਨਾਂ ਸੁਦਰਸ਼ਨ ਸੀ। ਉਸ ਦਾ ਰਾਜ ਦਰਿਆ ਜਮਨਾ ਦੇ ਨੇੜੇ ਦੇ ਇਲਾਕੇ ਵਿਚ ਪਸਰਿਆ ਹੋਇਆ ਸੀ। ਉਦੋਂ ਜਮਨਾ ਦੇ ਕਿਨਾਰੇ ਇਕ ਘਣਾ ਜੰਗਲ ਸੀ ਜਿਸ ਦਾ ਨਾਂ ਖਾਂਡਵ ਵਣ ਜਾਂ ਇੰਦਰ ਵਣ ਸੀ। ਰਾਜੇ ਸੁਦਰਸ਼ਨ ਨੇ ਉਹ ਜੰਗਲ ਕਟਵਾ ਦਿੱਤਾ ਤੇ ਉਸ ਥਾਂ ਇਕ ਨਗਰ ਵਸਾਇਆ ਜਿਸ ਦਾ ਨਾਂ ਖਾਂਡਵੀ ਨਗਰ ਰੱਖਿਆ ਗਿਆ। ਸ਼ਾਇਦ ਇਹੋ ਸਭ ਤੋਂ ਪੁਰਾਤਨ ਦਿੱਲੀ ਹੋਵੇ।

ਦੂਜੀ ਕਥਾ ਇਸ ਤਰ੍ਹਾਂ ਪ੍ਰਚਲਤ ਹੈ ਕਿ ਜਦ ਰਾਜਾ ਇੰਦਰ ਨੇ ਕਿਸੇ ਪਵਿੱਤਰ ਥਾਂ ਤੇ ਯੱਗ ਕਰਨ ਦਾ ਵਿਚਾਰ ਬਣਾਇਆ ਤਾਂ ਉਸ ਦੇ ਗੁਰੂ ਬ੍ਰਿਸਪਤ ਨੇ ਉਸ ਨੂੰ ਖਾਂਡਵ ਵਣ ਵਿਖੇ ਯੱਗ ਕਰਨ ਦਾ ਸੁਝਾ ਦਿਤਾ, ਕਿਉਂਕਿ ਇਹੋ ਸਭ ਤੋਂ ਵੱਧ ਪਵਿੱਤਰ ਅਸਥਾਨ ਸੀ। ਆਪਣੇ ਗੁਰੂ ਦੀ ਆਗਿਆ ਪਾ ਕੇ ਰਾਜਾ ਇੰਦਰ ਨੇ ਇਸ ਥਾਂ ਯੱਗ ਦੀ ਯੋਜਨਾ ਬਣਾਈ। ਉਸ ਯੱਗ ਤੇ ਸਭ ਰਿਸ਼ੀਆਂ ਮੁਨੀਆਂ ਨੂੰ ਸੱਦਾ ਦਿੱਤਾ ਗਿਆ। ਇਸ ਯੱਗ ਕਾਰਣ ਹੀ ਇਥੋਂ ਦੇ ਚਾਰ ਅਸਥਾਨ ਪਵਿੱਤਰ ਗਿਣੇ ਜਾਂਦੇ ਹਨ। ਉਹ ਚਾਰ ਅਸਥਾਨ ਨਿਗਮ ਬੋਧ ਘਾਟ, ਰਾਜਘਾਟ, ਯੋਗਿਆਪੁਰੀ ਤੇ ਬਰਮੁਰਾਰੀ।

**ਨਿਗਮ ਬੋਧ ਘਾਟ :** ਇਥੇ ਅੱਜ ਕਲ੍ਹ ਦਿੱਲੀ ਦੀ ਸ਼ਮਸ਼ਾਨ ਭੂਮੀ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰ ਬ੍ਰਹਮਾ ਜੀ ਨੂੰ ਸਾਰੇ ਵੇਦ ਭੁਲ ਗਏ। ਪਰ ਜਦ ਉਨ੍ਹਾਂ ਜਮਨਾ ਦੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ ਤਾਂ ਉਨ੍ਹਾਂ ਨੂੰ ਸਾਰੇ ਨਿਗਮ ਮੁੜ ਯਾਦ ਹੋ ਗਏ। ਇਸ ਲਈ ਇਸ ਥਾਂ ਦਾ ਨਾਂ ਨਿਗਮ ਬੋਧ ਘਾਟ ਰੱਖਿਆ ਗਿਆ।

**ਰਾਜਘਾਟ :** ਪੁਰਾਤਨ ਕਥਾ ਅਨੁਸਾਰ ਚੰਦਰਿਆ ਵੰਸ਼ ਦੇ ਪਿਛਲੇ ਪਾਸੇ ਇਸ ਘਾਟ ਦਾ ਦਰਵਾਜ਼ਾ ਸੀ ਤੇ ਇਥੇ ਜਗਨਨਾਥ ਦਾ ਮੰਦਰ ਸੀ। 31 ਜਨਵਰੀ 1948 ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ ਦੇਹ ਦਾ ਸਸਕਾਰ ਰਾਜਘਾਟ ਵਿਖੇ ਕੀਤਾ ਗਿਆ ਸੀ, ਜਿਸ ਨੂੰ ਅੱਜ ਕਲ ਮਹਾਤਮਾ ਗਾਂਧੀ ਜੀ ਦੀ ਸਮਾਧੀ ਵੀ ਕਿਹਾ ਜਾਂਦਾ ਹੈ।

**ਵਿਦਿਆ ਪੁਰੀ :** ਜਿਸ ਥਾਂ ਹੁਣ ਚਾਂਦਨੀ ਚੌਕ ਹੈ ਇਸ ਦੀ ਇਕ ਗਲੀ ਵਿਚ ਇਕ ਪਾਠਸ਼ਾਲਾ ਸੀ, ਇਸ ਲਈ ਸਾਰੇ ਇਲਾਕੇ ਨੂੰ ਉਦੋਂ ਵਿਦਿਆ ਪੁਰੀ ਕਿਹਾ ਜਾਂਦਾ ਸੀ।

**ਕਰਮਪੁਰਾਰੀ :** ਮਹਾਂਭਾਰਤ ਦੀ ਕਥਾ ਅਨੁਸਾਰ ਸ੍ਰੀ ਕ੍ਰਿਸ਼ਨ ਮਹਾਰਾਜ ਦੀ ਸ਼ਾਦੀ ਇਥੇ ਹੀ ਕਾਲਿੰਦੀ ਨਾਲ ਹੋਈ ਸੀ। ਇਸ ਥਾਂ ਨੂੰ ਹੁਣ ਖ਼ੁਸ਼ਾਲੀ ਕਹਿੰਦੇ ਹਨ।

ਮਹਾਂਭਾਰਤ ਵਿੱਚ ਲਿਖਿਆ ਹੈ ਕਿ ਪਾਂਡੋ ਵੀਰਾਂ ਨੇ ਖਾਂਡਵ ਨਾਂ ਦੇ ਜੰਗਲ ਨੂੰ ਜਲਾ ਕੇ ਸਾਫ਼ ਕਰ ਦਿਤਾ ਤੇ ਉਸ ਥਾਂ ਹੀ ਇੰਦਰ ਪ੍ਰਸਥ ਦੀ ਨੀਂਹ ਰਖੀ। ਉਸ ਸਮੇਂ ਇਥੇ ਅਠ ਪ੍ਰਸਿੱਧ ਸਥਾਨ ਸਨ :

ਹਨੂਮਾਨ ਮੰਦਰ, ਯੋਗ ਮਾਇਆ ਮੰਦਰ, ਕਾਲੀ ਦੇਵੀ ਦਾ ਮੰਦਰ, ਲਾਲ ਦੇਵਾ ਦਾ ਮੰਦਰ, ਕਿਲਕਾਰੀ ਭੈਰਵ ਦਾ ਮੰਦਰ, ਦੂਧਿਆ ਭੈਰਵ, ਬਾਲ ਭੈਰਵ ਤੇ ਪੁਰਾਣਾ ਕਿਲ੍ਹਾ।

**ਅਨੰਗਪੁਰ :** ਇੰਦਰ ਪ੍ਰਸਥ ਮਗਰੋਂ ਰਾਜਾ ਅਨੰਗ ਪਾਲ ਜਦ ਬੜੀ ਘਾਲਣਾ ਮਗਰੋਂ ਰਾਜ ਗੱਦੀ ਤੇ ਬੈਠਾ ਤਾਂ ਉਹ ਆਪਣੀ ਰਾਜਧਾਨੀ ਇੰਦਰ ਪ੍ਰਸਥ ਦੀ ਥਾਂ ਅਨੰਗਪੁਰ ਲੈ ਗਿਆ। ਉਸ ਨੇ ਦਿੱਲੀ ਤੋਂ 12 ਮੀਲ ਦੂਰ ਇਕ ਕਸਬਾ ਬੰਨ੍ਹ ਦਿੱਤਾ। ਉਸ ਸਮੇਂ ਦੇ ਪ੍ਰਸਿੱਧ ਅਸਥਾਨ ਇਹ ਹਨ :—

**ਸੂਰਜ ਕੁੰਡ :** ਇਹ ਤਲਾ ਅਨੰਗ ਪਾਲ ਦੇ ਪੁਤਰ ਸੂਰਜ ਪਾਲ ਨੇ ਬਣਵਾਇਆ। ਇਥੇ ਇਕ ਮੰਦਰ ਵੀ ਸੀ। ਤਲਾਬ ਉਪਰ ਜਾਣ ਲਈ ਪੱਥਰ ਦੀਆਂ ਸੈਂਕੜੇ ਪੌੜੀਆਂ ਬਣੀਆਂ ਹੋਈਆਂ ਹਨ। ਇਸ ਦੇ ਨੇੜੇ ਬਹੁਤ ਹੀ ਸੁੰਦਰ ਕੁਦਰਤੀ ਦ੍ਰਿਸ਼ ਹਨ।

**ਲੋਹੇ ਦੀ ਲਾਠ :—** ਇਸ ਨੂੰ ਵੀ ਅਨੰਗ ਪਾਲ ਦੇ ਇਕ ਪੁਤਰ ਨੇ ਬਣਵਾਇਆ। ਇਹ ਲਾਠ 23 ਫੁਟ 8 ਇੰਚ ਲੰਬੀ ਹੈ ਤੇ ਕੁਤਬ ਮੀਨਾਰ ਦੇ ਇਹਾਤੇ ਵਿੱਚ ਹੁਣ ਵੀ ਮੌਜੂਦ ਹੈ।

**ਅਨੰਗ ਤਾਲ :** ਇਸ ਤਲਾਬ ਨੂੰ ਅਨੰਗ ਪਾਲ ਦੂਜੇ ਨੇ ਬਣਵਾਇਆ।

**ਕਿਲ੍ਹਾ ਰਾਏ ਪੁਰ :** ਕਿਲ੍ਹਾ ਰਾਏ ਪੁਰ ਪਥੌਰਾ ਨਾਂ ਦੀ ਤੀਜੀ ਦਿੱਲੀ ਨੂੰ ਪ੍ਰਿਥਵੀ ਰਾਜ ਚੁਹਾਨ ਨੇ 1185 ਈ: ਵਿਚ ਬਣਾਇਆ। ਕਿਹਾ ਜਾਂਦਾ ਹੈ ਕਿ ਉਤਰੀ ਭਾਰਤ ਤੇ ਮੁਸਲਮ ਹਮਲਾਵਰਾਂ ਤੋਂ ਬਚਣ ਲਈ ਇਹ ਕਿਲ੍ਹਾ ਬਣਾਇਆ ਗਿਆ ਸੀ।

ਅਮੀਰ ਖੁਸਰੋ ਅਨੁਸਾਰ ਉਸ ਸਮੇਂ ਰਾਏ ਪਥੌਰਾ ਦੀ ਦਿੱਲੀ ਦੇ 12 ਦਰਵਾਜ਼ੇ ਸਨ। ਉਸ ਸਮੇਂ ਦੇ ਪ੍ਰਸਿੱਧ ਸਥਾਨ ਹਨ :—

ਕਿਲ੍ਹਾ ਰਾਏ ਪਥੌਰਾ, ਕੁਤਬ ਦੀ ਲਾਠ, ਬੜੀ ਦਾਦੀ ਵਾੜੀ ਲਾਲ ਕੋਟ, ਸਤਾਈਸ ਮੰਦਰ ਤੇ ਜੈਨ ਮੰਦਰ (ਮਹਿਰੌਲੀ) ਆਦਿ।

**ਮੁਸਲਿਮ ਕਾਲ ਦੀਆਂ ਦਿੱਲੀਆਂ** :—ਇਤਿਹਾਸ ਵਿਚ ਸੰਨ 1192 ਤੱਕ ਹਿੰਦੂ ਕਾਲ ਮੰਨਿਆ ਗਿਆ ਹੈ। ਸੰਨ 1193 ਤੋਂ 1526 ਈ: ਤੱਕ ਪਠਾਣ ਕਾਲ ਸੀ। ਇਸ ਸਮੇਂ ਗੁਲਾਮ ਖਾਨਦਾਨ ਨੇ ਦੋ ਦਿੱਲੀਆਂ ਵਸਾਈਆਂ। ਇਕ ਮਹਿਰੌਲੀ ਜਾਂ ਕਿਲ੍ਹਾ ਰਾਏ ਪਥੌਰਾ ਤੇ ਦੂਜੀ ਕਿਲੋ ਖੇੜੀ ਜਾਂ ਨਵਾਂ ਸ਼ਹਿਰ। ਖਿਲਜੀ ਖਾਨਦਾਨ ਨੇ ਸਿਰੀ ਨਗਰ ਵਸਾਇਆ। ਤੁਗਲਕ ਖਾਨਦਾਨ ਦੇ ਸਮੇਂ ਤੁਗਲਕਾਬਾਦ, ਜਹਾਂਪਨਾਹ, ਤੇ ਫਿਰੋਜ਼ਾਬਾਦ ਦੀ ਨੀਂਹ ਰਖੀ ਗਈ। ਸਾਦਾਤ ਖਾਨਦਾਨ ਨੇ ਖਿਜ਼ਰਾਬਾਦ, ਮੁਬਾਰਕਬਾਦ ਜਾਂ ਕੋਟਲਾ ਮੁਬਾਰਕਾਬਾਦ ਵਸਾਏ। ਇਸ ਤਰ੍ਹਾਂ ਪਠਾਣਾਂ ਨੇ ਹਿੰਦੂ ਕਾਲ ਦੀਆਂ ਦਿੱਲੀਆਂ ਵਿਚ ਕਈ ਹੋਰ ਦਿੱਲੀਆਂ ਦਾ ਵਾਧਾ ਕੀਤਾ।

ਮੁਸਲਮਾਨਾਂ ਦੇ ਰਾਜ ਦੀ ਨੀਹ ਸੰਨ 1193 ਵਿਚ ਰਖੀ ਗਈ। ਮੁਹੰਮਦ ਗੌਰੀ ਪਹਿਲਾ ਬਾਦਸ਼ਾਹ ਸੀ।

ਗੁਲਾਮ ਖਾਨਦਾਨ ਦੀ ਨੀਂਹ ਕੁਤਬ ਦੀਨ ਐਬਕ ਨੇ ਰੱਖੀ। ਉਸ ਨੇ ਦਿੱਲੀ ਵਿਚ ਆਪਣਾ ਕਿਲ੍ਹਾ ਵੀ ਬਣਵਾਇਆ। ਗੁਲਾਮ ਖਾਨਦਾਨ ਦੇ ਨੌ ਬਾਦਸ਼ਾਹ ਹੋਏ। ਦਸਵਾਂ ਬਾਦਸ਼ਾਹ ਕੈਕਆ-ਬਾਦ ਸੀ, ਜਿਸ ਨੇ 1286 ਵਿਚ ਇਕ ਨਵਾਂ ਸ਼ਹਿਰ ਵਸਾਇਆ। ਇਸ ਪਿਛੋਂ ਜਲਾਲੁਦੀਨ ਖਿਲਜੀ ਨੇ ਸ਼ਹਿਰ ਦੀਆ ਅਧੀਆਂ ਬਣੀਆਂ ਇਮਾਰਤਾਂ ਨੂੰ ਮੁਕੰਮਲ ਕਰਵਾਇਆ। ਅਲਾਉਦੀਨ ਖਿਲਜੀ ਨੇ ਸੰਨ 1303 ਵਿਚ ਸੀਰੀ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਕੁਤਬਦੀਨ ਨੇ ਮੰਦਰ ਨੂੰ ਗਿਰਾ ਕੇ ਮਸਜਦ ਬਣਵਾਈ ਜਿਸ ਦਾ ਨਾਂ ਕਵੁਤੁਲ ਇਸਲਾਮ ਮਸਜਦ ਰਖਿਆ ਗਿਆ। ਇਸ ਦੀ ਬੁਨਿਆਦ 1193 ਈਸਵੀਂ ਵਿਚ ਰਖੀ ਗਈ। ਸ਼ਮਸੁਦੀਨ ਅਲਤਮਸ਼ ਨੇ ਇਸ ਦੇ ਦੋ ਹੋਰ ਦਰਵਾਜ਼ੇ ਬਣਵਾਏ ਤੇ ਉਸ ਤੋਂ ਪਿਛੋਂ ਅਲਾਉਦੀਨ ਨੇ ਦੋ ਹੋਰ ਦਰਵਾਜ਼ੇ ਬਣਵਾਏ। ਇਸ ਦੇ ਦੋ ਸਦੀਆਂ ਮਗਰੋਂ ਫਿਰੋਜ਼-ਸ਼ਾਹ ਤੁਗਲਕ ਨੇ ਇਸ ਮਸਜਦ ਦੀ ਮੁਰੰਮਤ ਕਰਵਾਈ। ਸੰਨ 1237 ਵਿਚ ਪੁਰਾਣੀ ਦਿੱਲੀ ਦੇ ਬਾਗੀਆਂ ਨੇ ਇਸ ਮਸਜਦ ਨੂੰ ਲੁਟਿਆ ਤੇ ਫਿਰ ਤੈਮੂਰ ਨੇ ਦਿੱਲੀ ਤੇ ਹਮਲਾ ਕੀਤਾ। ਗੁਲਾਮ ਖਾਨਦਾਨ ਨੇ ਰਾਏ ਪਥੌਰਾ ਵਿਚ ਇਕ ਸ਼ਾਨਦਾਰ ਮਹੱਲ ਬਣਵਾਇਆ ਜਿਸ ਵਿਚ ਲਗਾਤਾਰ ਸੱਤ ਬਾਦਸ਼ਾਹਾਂ ਨੇ ਆਪਣੀ ਰਿਹਾਇਸ਼ ਰਖੀ। ਕਿਸੇ ਗੱਲ ਤੋਂ ਗੁੱਸੇ ਹੋ ਕੇ ਬਾਦਸ਼ਾਹ ਨੇ ਆਪਣੇ ਵਜ਼ੀਰ ਮਲਕ ਬਖਤਿ ਆਉਦੀਨ ਦਾ ਸਿਰ ਕਟਣ ਦਾ ਹੁਕਮ ਦੇ ਦਿਤਾ। ਬਾਦਸ਼ਾਹ ਨੂੰ ਸੁਪਨੇ ਵਿਚ ਕਿਸੇ ਔਲੀਆ ਨੇ ਇਕ ਤਲਾਬ ਬਣਾਉਣ ਦਾ ਹੁਕਮ ਦਿਤਾ ਜਿਸਦੇ ਸਿੱਟੇ ਵਜੋਂ ਉਸ ਨੇ ਹੌਜ ਸ਼ਮਸੀ ਨਾ ਦਾ ਤਲਾਬ ਬਣਵਾਇਆ।

ਅਲਤਮਸ਼ ਬਾਦਸ਼ਾਹ ਦੇ ਤਿੰਨ ਬੇਟੇ ਤੇ ਇਕ ਬੇਟੀ ਸੀ। ਉਸ ਦੇ ਤਿੰਨੇ ਪੁਤਰ ਨਿਕੰਮੇ ਸਨ। ਉਹ ਤਿੰਨੇ ਕਤਲ ਕਰ ਦਿਤੇ ਗਏ। ਉਹਨਾਂ ਮਗਰੋਂ ਉਸ ਦੀ ਧੀ ਰਜ਼ੀਆ ਬੇਗਮ ਨੇ ਤਿੰਨ



ਚਿੱਤਰ ਨੰ: 1—ਸੂਰਜ ਕੁੰਡ

ਸਾਲ ਡੱਟ ਕੇ ਰਾਜ ਕੀਤਾ। ਰਜ਼ੀਆ ਬੇਗਮ ਦੇ ਰਾਜ ਸਮੇਂ ਨੂੰ ਇਤਿਹਾਸਕਾਰਾਂ ਨੇ ਇਵੇਂ ਲਿਖਿਆ ਹੈ। 'ਮੁਸਲਮਾਨ ਕਾਲ ਵਿਚ ਇਕ ਹੀ ਇਸਤਰੀ ਨੇ ਹਕੂਮਤ ਕੀਤੀ ਤੇ ਉਹ ਸੀ ਰਜ਼ੀਆ ਬੇਗਮ............।'

ਉਹ ਮਰਦਾਂ ਵਾਂਗ ਕੱਪੜੇ ਪਹਿਨਦੀ ਤੇ ਕਿਸੇ ਤੋਂ ਡਰਦੀ ਨਹੀਂ ਸੀ। ਲੋਕੀਂ ਉਸ ਦੇ ਸਾਹਮਣੇ ਆਉ ਦੇ ਥਰ ਥਰ ਕੰਬਦੇ ਸਨ। ਉਹ ਹਰ ਰੋਜ਼ ਤਖਤ ਤੇ ਬੈਠਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੀ ਤੇ ਫੌਰਨ ਫੈਸਲਾ ਸੁਣਾਉਂਦੀ। ਉਹ ਬੜੀ ਬਹਾਦਰ ਔਰਤ ਸੀ। ਪਤਾ ਨਹੀਂ ਉਸ ਨੂੰ ਕੀ ਸੁਝੀ ਕਿ ਉਸ ਨੇ ਇਕ ਹਬਸ਼ੀ ਨਾਲ ਵਿਆਹ ਕਰਨ ਦਾ ਫੈਸਲਾ ਕੀਤਾ। ਉਸ ਦੇ ਵਜ਼ੀਰਾਂ ਅਮੀਰਾਂ ਨੇ ਇਸ ਦਾ ਸਖਤ ਵਿਰੋਧ ਕੀਤਾ। ਗੁੱਸੇ ਵਿਚ ਆ ਕੇ ਜਨਤਾ ਨੇ ਹਬਸ਼ੀ ਨੂੰ ਮਾਰ ਮੁਕਾਇਆ। ਇਸ ਪਿਛੋਂ ਰਜ਼ੀਆ ਨੇ ਆਪਣੇ ਇਕ ਅਮੀਰ ਨਾਲ ਨਿਕਾਹ ਕਰ ਲਿਆ। ਲੋਕਾਂ ਨੇ ਇਸ ਦੀ ਵੀ ਬੜੀ ਵਿਰੋਧਤਾ ਕੀਤੀ। ਅੰਤ ਦੋਵੇਂ ਦਿੱਲੀ ਤੋਂ ਭੱਜ ਗਏ। ਪਰ ਉਹ ਕਰਨਾਲ ਦੇ ਨੇੜੇ ਗ੍ਰਿਫਤਾਰ ਕਰ ਲਏ ਗਏ ਤੇ ਉਥੇ ਹੀ ਉਨ੍ਹਾਂ ਨੂੰ ਕਤਲ ਕਰ ਦਿਤਾ ਗਿਆ।

ਅਲਤਮਸ਼ ਦੇ ਚਾਲ੍ਹੀ ਗੁਲਾਮ ਸਨ। ਉਹਨਾਂ 'ਚੋਂ' ਇਕ ਦਾ ਨਾਂ ਗਿਆਸੁਦੀਨ ਬਲਬਨ ਸੀ। ਬਲਬਨ ਨੇ ਆਪਣੇ ਚਾਲ੍ਹੀ ਸਾਥੀਆਂ ਨੂੰ ਕਤਲ ਕਰ ਦਿਤਾ ਤੇ ਹਕੂਮਤ ਦੀ ਵਾਗਡੋਰ ਆਪ ਸੰਭਾਲ ਲਈ। ਉਸ ਨੇ ਵੀਹ ਸਾਲ ਰਾਜ ਕੀਤਾ। ਉਸ ਦੇ ਰਾਜ ਸਮੇਂ ਮੁਗਲਾਂ ਨੇ ਹਮਲਾ ਕੀਤਾ। ਸੰਨ 1286 ਵਿਚ ਉਸ ਦੀ ਮੌਤ ਹੋ ਗਈ। ਕੁਲ ਮਿਲਾ ਕੇ 87 ਸਾਲ ਗੁਲਾਮ ਖਾਨਦਾਨ ਨੇ ਹਕੂਮਤ ਕੀਤੀ। ਇਸ ਖਾਨਦਾਨ ਦੇ ਦਸ ਬਾਦਸ਼ਾਹ ਤਖਤ ਤੇ ਬੈਠੇ, ਜਿਨ੍ਹਾਂ ਵਿਚੋਂ ਤਿੰਨ ਕੁਦਰਤੀ ਮੌਤ ਮਰੇ ਤੇ ਬਾਕੀ ਕਤਲ ਕਰ ਦਿਤੇ ਗਏ।

**ਤੁਗਲਕਾ ਬਾਦ :**

ਗੁਲਾਮ ਖਾਨਦਾਨ ਮਗਰੋਂ ਸੰਨ 1320 ਤੋਂ 1414 ਤਕ ਤੁਗਲਕ ਖਾਨਦਾਨ ਦਾ ਰਾਜ ਰਿਹਾ। ਇਸ ਖਾਨਦਾਨ ਦੇ ਅੱਠ ਬਾਦਸ਼ਾਹ ਹੋਏ। ਗਿਆਸੁਦੀਨ ਤੁਗਲਕ ਸੰਨ 1320 ਵਿਚ ਗੱਦੀ ਤੇ ਬੈਠਾ। ਇਹ ਖੁਰਾਸਾਨ ਤੋਂ ਦਿੱਲੀ ਆਇਆ ਤੇ ਆਪਣੀ ਯੋਗਤਾ ਕਾਰਨ ਲਾਹੌਰ ਦਾ ਗਵਰਨਰ ਬਣਿਆ। ਹਿੰਦੁਸਤਾਨ ਦਾ ਬਾਦਸ਼ਾਹ ਬਣਦਿਆਂ ਹੀ ਇਸ ਨੇ ਤੁਗਲਕਾਬਾਦ ਬਣਵਾਉਣਾ ਸ਼ੁਰੂ ਕਰ ਦਿਤਾ ਸੀ। ਗਿਆਸੁਦੀਨ ਨੇ ਆਪਣੇ ਮਹੱਲ ਦੀਆਂ ਇੱਟਾਂ ਤੇ ਵੀ ਸੋਨਾ ਚੜ੍ਹਵਾ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਇਕ ਖੁਫੀਆ ਹੌਜ਼ ਵਿਚ ਉਸ ਨੇ ਕਈ ਮਣ ਸੋਨਾ ਪਿਘਲਾ ਕੇ ਭਰਵਾ ਦਿਤਾ ਸੀ ਤੁਗਲਕਾਬਾਦ ਦੇ ਬਹੁਤ ਵਡੇ ਦਰਵਾਜ਼ੇ ਸਨ ਅਤੇ ਚਾਰੇ ਪਾਸੇ ਪਾਣੀ ਦੀ ਭਰੀ ਹੋਈ ਖਾਈ ਸੀ ਤਾਂ ਜੋ ਦੁਸ਼ਮਣ ਹਮਲਾ ਨਾ ਕਰ ਸਕੇ। ਕਿਲ੍ਹੇ ਵਿਚ ਬੈਠ ਕੇ ਬੰਦੂਕਾਂ ਤੇ ਤੀਰਾਂ ਨਾਲ ਦੁਸ਼ਮਨ ਤੇ ਬੁਛਾੜ ਕੀਤੀ ਜਾ ਸਕਦੀ ਸੀ। ਪੁਰਾਤਨ ਯਾਤਰੀ ਇਬਨ ਬਤੂਤਾ ਦੇ ਕਹਿਣ ਅਨੁਸਾਰ "ਤੁਗਲਕਾਬਾਦ ਸੁਨਿਹਰੀ ਇੱਟਾਂ ਨਾਲ ਬਣਿਆਂ ਹੋਇਆ ਸੀ ਅਤੇ ਧੁੱਪ ਵਿਚ ਅਜਿਹੀਆਂ ਝਲਕਾਂ ਮਾਰਦਾ ਸੀ ਜਿਸ ਨੂੰ ਵੇਖ ਕੇ ਅੱਖਾਂ ਚੁੰਧਿਆ ਜਾਂਦੀਆਂ ਸਨ।"

ਹੁਣ ਤਾਂ ਇਹ ਸ਼ਹਿਰ, ਜੋ ਚਾਰੇ ਪਾਸਿਆਂ ਤੋਂ ਬਹੁਤ ਉੱਚੀਆਂ ਤੇ ਚੌੜੀਆਂ ਦੀਵਾਰਾਂ ਨਾਲ ਘਿਰਿਆ ਹੋਇਆ ਹੈ, ਨਿਰਾ ਖੰਡਰ ਬਣਕੇ ਰਹਿ ਗਿਆ ਹੈ। ਕਈ ਵਾਰ ਇਸ ਸ਼ਹਿਰ ਤੇ ਹਮਲੇ ਹੋਏ ਤੇ ਕਈ ਵਾਰ ਇਹ ਉਜੜਿਆ ਤੇ ਵਸਿਆ। ਕੁਤਬ ਮੀਨਾਰ ਤੋਂ ਇਕ ਸੜਕ ਬਦਰਪੁਰ ਨੂੰ ਜਾਂਦੀ ਹੈ। ਕੁਤਬ ਤੋਂ ਕੇਵਲ ਚਾਰ ਪੰਜ ਮੀਲਾਂ ਦੀ ਦੂਰੀ ਤੇ ਤੁਗ਼ਲਕਾਬਾਦ ਹੈ। ਤੁਗ਼ਲਕਾਬਾਦ ਵਿਚ ਬਾਦਸ਼ਾਹ ਦੇ ਮਹੱਲ, ਵਜ਼ੀਰਾਂ ਅਮੀਰਾਂ ਤੋਂ ਇਲਾਵਾ ਆਮ ਜਨਤਾ ਦੀ ਵੀ ਰਿਹਾਇਸ਼ ਸੀ ਤੇ ਨਾਲ ਹੀ ਫੌਜ ਵੀ ਰਹਿੰਦੀ ਸੀ। ਇਕ ਬਹੁਤ ਉੱਚੀ ਚਾਰ ਦੀਵਾਰੀ ਨਾਲ ਇਹ ਨਗਰ ਘਿਰਿਆ ਹੋਇਆ ਹੈ। ਸੜਕ ਤੋਂ ਪਾਰ ਗਿਆਸੁਦੀਨ ਤੁਗ਼ਲਕ ਦਾ ਮਕਬਰਾ ਹੈ। ਜਦੋਂ ਗਿਆਸੁ-ਦੀਨ ਬੰਗਾਲ ਤੋਂ ਵਾਪਸ ਆ ਰਿਹਾ ਸੀ ਤਾਂ ਉਹ ਅਫ਼ਗਾਨਪੁਰ ਠਹਿਰਿਆ ਤੇ ਪਹਿਲਾਂ ਬਣੀ ਸਾਜ਼ਸ਼ ਮੁਤਾਬਿਕ ਜਦ ਮਹੱਲ ਦੇ ਨੇੜੇ ਉਸ ਦਾ ਹਾਥੀ ਪਹੁੰਚਿਆ ਤਾਂ ਇਮਾਰਤ ਧਰਤੀ ਵਿਚ ਧਸ ਗਈ ਗਈ ਤੇ ਇਸ ਤਰ੍ਹਾਂ ਬਾਦਸ਼ਾਹ ਦੀ ਮਲਬੇ ਹੇਠਾਂ ਦੱਬ ਕੇ ਮੌਤ ਹੋ ਗਈ।

ਪਿਊ ਦੀ ਮੌਤ ਮਗਰੋਂ ਜੂਨਾ ਸ਼ਾਹ ਸੰਨ 1325 ਵਿਚ ਮੁਹੰਮਦ ਬਿਨ ਤੁਗ਼ਲਕ ਦੇ ਨਾਂ ਤੇ ਤਖ਼ਤ ਤੇ ਬੈਠਾ। ਇਹ ਬੜਾ ਜ਼ਾਲਮ ਬਾਦਸ਼ਾਹ ਸੀ। ਇਸ ਨੂੰ ਜਨਤਾ ''ਖੂਨੀ ਸੁਲਤਾਨ'' ਦੇ ਨਾਂ ਨਾਲ ਪੁਕਾਰਦੀ ਸੀ। ਇਸ ਨੇ ਆਪਣੇ ਮਹੱਲ ਅੰਦਰ ਜਾਣ ਲਈ ਕਈ ਦਰਵਾਜ਼ੇ ਬਣਵਾ ਰਖੇ ਸਨ। ਜਦੋਂ ਕੋਈ ਆਦਮੀ ਮਹੱਲ ਵਿਚ ਦਾਖਲ ਹੁੰਦਾ, ਤਾਂ ਬਾਦਸ਼ਾਹ ਨੂੰ ਫੌਰਨ ਪਤਾ ਲੱਗ ਜਾਂਦਾ ਕਿ ਮਹੱਲ ਵਿਚ ਕੌਣ ਦਾਖਲ ਹੋਇਆ ਹੈ ? ਜਿਸ ਨੂੰ ਕਤਲ ਕਰਨ ਦਾ ਬਾਦਸ਼ਾਹ ਇਸ਼ਾਰਾ ਕਰਦਾ ਫੌਰਨ ਉਸਦਾ ਸਿਰ ਕਲਮ ਕਰ ਦਿਤਾ ਜਾਂਦਾ। ਉਸ ਦਾ ਸਿਰ ਤਿੰਨ ਦਿਨਾਂ ਤਕ ਉਸ ਦੇ ਦਰਵਾਜ਼ੇ ਵਿਚ ਲਟਕਾ ਦਿਤਾ ਜਾਂਦਾ। ਇਸ ਖੂਨੀ ਸੁਲਤਾਨ ਨੇ ਦਿਲੀ ਦੀ ਚਾਰ ਦਿਵਾਰੀ ਬਣਵਾਈ। ਇਸ ਨੇ ਆਦਲਾਬਾਦ ਵੀ ਵਸਾਇਆ।

**ਜਹਾਂ ਪਨਾਹ :**

ਤੁਗ਼ਲਕ ਬਾਦਸ਼ਾਹ ਮੁਹੰਮਦ ਬਿਨ ਤੁਗ਼ਲਕ ਨੇ 'ਜਹਾਂ ਪਨਾਹ' ਨਾਂ ਦੀ ਦਿੱਲੀ ਦੀ ਬੁਨਿ-ਆਦ ਰਖੀ। ਇਸ ਦਾ ਸਬੰਧ ਲਾਲ ਕੋਟ ਤੇ ਸੀਰੀ ਨਾਲ ਇਕ ਬਹੁਤ ਵਡੀ ਚਾਰ ਦੀਵਾਰੀ ਰਾਹੀਂ ਸੀ। ਇਸ ਸ਼ਹਿਰ ਦੀਆਂ ਦੀਵਾਰਾਂ ਤੇ ਫੜਾਂ ਵਿਚ ਇੰਨੀ ਘਟੀਆ ਸਮੱਗਰੀ ਵਰਤੀ ਗਈ ਕਿ ਇਹ ਬਹੁਤੀ ਦੇਰ ਆਪਣੀ ਹੋਂਦ ਕਾਇਮ ਨਾ ਰਖ ਸਕਿਆ। ਪੁਰਾਤਨ ਯਾਤਰੀ ਇਬਨ ਬਤੂਤਾ ਜੋ ਇਸ ਸ਼ਹਿਰ ਵਿਚ ਸੰਨ 1335 ਤੇ ਸੰਨ 1342 ਵਿਚਕਾਰ ਰਿਹਾ ਸੀ, ਲਿਖਦਾ ਹੈ,'' ''ਉਸ ਸਮੇਂ ਜਹਾਂਪਨਾਹ ਨਾਂ ਦਾ ਸ਼ਹਿਰ ਸਾਰੇ ਹਿੰਦੁਸਤਾਨ ਦਾ ਵਡਾ ਸ਼ਹਿਰ ਸੀ। ਉਸ ਸਮੇਂ ਦਿੱਲੀ ਵਿਚ ਲਾਲ ਕੋਟ, ਸਿਰੀ, ਤੁਗ਼ਲਕਾਬਾਦ ਤੇ ਜਹਾਂਪਨਾਹ ਨਾਂ ਦੇ ਚਾਰ ਸ਼ਹਿਰ ਸ਼ਾਮਲ ਸਨ। ਲਾਲ ਕੋਟ ਨਗਰ ਹਿੰਦੂ ਰਾਜਿਆਂ ਦੀ ਪੁਰਾਣੀ ਦਿੱਲੀ ਸੀ, ਜਿਸ ਨੂੰ ਗ਼ੌਰੀ ਨੇ ਸੰਨ 1193 ਵਿਚ ਉਨ੍ਹਾਂ ਤੋਂ ਖੋਹਿਆ ਸੀ। ਸਿਰੀ ਦੀ ਬੁਨਿਆਦ ਅਲਾਉਦੀਨ ਖਿਲਜੀ ਨੇ ਰਖੀ ਸੀ। ਤੁਗ਼ਲਕਾਬਾਦ ਦਾ ਸ਼ਹਿਰ ਗਿਆਸੁਦੀਨ ਤੁਗ਼ਲਕ ਨੇ ਵਸਾਇਆ ਸੀ ਤੇ ਜਹਾਂਪਨਾਹ ਦਾ ਮੁੱਢ ਸੁਲਤਾਨ ਮਹਿਮੂਦ ਨੇ ਬੰਨ੍ਹਿਆ ਸੀ। ਇਬਨ ਬਤੂਤਾ ਲਿਖਦਾ ਹੈ, ਕਿ ਇਹਨਾਂ ਚਾਰ ਛੋਟੇ ਸ਼ਹਿਰਾਂ ਦੇ ਆਲੇ ਦੁਆਲੇ ਇਕ ਵਡੀ ਦੀਵਾਰ ਬਣਾਉਣ ਦੀ ਯੋਜਨਾ ਬਣਾਈ ਗਈ ਸੀ ਪਰ ਪੈਸੇ ਦੀ ਕਮੀ ਕਰਕੇ ਇਸ ਯੋਜਨਾ ਨੂੰ ਵਿਚੇ ਹੀ ਛਡ ਦਿਤਾ ਗਿਆ।

**ਫਿਰੋਜ਼ਾਬਾਦ :**

ਖੂਨੀ ਸੁਲਤਾਨ ਦੀ ਮੌਤ ਮਗਰੋਂ ਉਸ ਦਾ ਭਤੀਜਾ ਫਿਰੋਜ਼ਸ਼ਾਹ ਤੁਗਲਕ ਤਖਤ ਤੇ ਬੈਠਾ। ਉਸ ਨੇ 37 ਸਾਲ ਰਾਜ ਕੀਤਾ। ਉਹ ਬੜਾ ਰਹਿਮ ਦਿਲ ਬਾਦਸ਼ਾਹ ਸੀ। ਉਸ ਨੇ ਆਪਣੇ ਨਾਂ ਤੇ ਦਰਿਆ ਜਮਨਾ ਕਿਨਾਰੇ ਫਿਰੋਜ਼ਾਬਾਦ ਨਾਂ ਦੀ ਛੇਵੀਂ ਦਿੱਲੀ ਵਸਾਈ। ਉਸ ਨੇ ਆਪਣੇ ਜੀਵਨ ਕਾਲ ਵਿਚ ਪੰਜਾਹ ਬੰਨ੍ਹ, ਚਾਲ੍ਹੀ ਮਸਜਦਾਂ, ਤੀਹ ਸਕੂਲ, ਸੌ ਧਰਮਸਾਲਾਂ, ਤੀਹ ਹੌਜ਼, ਇਕ ਸੌ ਹਮਾਮ ਤੇ ਡੇਢ ਸੌ ਪੁਲ ਬਣਵਾਏ।

ਉਸ ਦੇ ਰਾਜ ਸਮੇਂ ਹਿੰਦੂਆਂ ਨਾਲ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਉਸ ਨੇ 90 ਸਾਲ ਦੀ ਉਮਰ ਵਿਚ ਰਾਜ ਕਾਜ ਦਾ ਭਾਰ ਆਪਣੇ ਪੁੱਤਰਾਂ ਤੇ ਵਜ਼ੀਰ ਖਾਂ ਜਹਾਂ ਨੂੰ ਸੌਂਪ ਦਿਤਾ।

**ਸ਼ੇਰ ਸ਼ਾਹ ਦੀ ਦਿੱਲੀ :**

ਜਦ ਬਾਬਰ ਦੇ ਬੇਟੇ ਹਮਾਯੂੰ ਨੇ ਮੁਗਲ ਰਾਜ ਦੀ ਵਾਗਡੋਰ ਸੰਭਾਲੀ ਤਾਂ ਉਸ ਸਮੇਂ ਇਕ ਬਿਹਾਰ ਨਿਵਾਸੀ ਅਫਗਾਨ ਸਰਦਾਰ ਸ਼ੇਰ ਸ਼ਾਹ ਨੇ ਹਮਾਯੂ ਦੀ ਫੌਜ ਤੇ ਸੰਨ 1540 ਵਿਚ ਹਮਲਾ ਕਰਕੇ ਉਸ ਨੂੰ ਹਰਾ ਕੇ ਦੇਸ਼ ਚੋਂ ਭਜਾ ਦਿਤਾ ਤੇ ਆਪ ਦਿੱਲੀ ਦੇ ਤਖਤ ਤੇ ਕਬਜ਼ਾ ਕਰ ਲਿਆ।

ਸ਼ੇਰ ਸ਼ਾਹ ਬੜਾ ਸਿਆਣਾ, ਦੂਰ ਅੰਦੇਸ਼ ਬਾਦਸ਼ਾਹ ਹੋ ਗੁਜ਼ਰਿਆ ਹੈ। ਉਸ ਨੂੰ ਕੇਵਲ ਪੰਜ ਸਾਲ ਹੀ ਰਾਜ ਕਰਨ ਦਾ ਸਮਾਂ ਮਿਲਿਆ, ਪਰ ਇਸ ਸੰਖੇਪ ਜਿਹੇ ਸਮੇਂ ਵਿਚ ਉਸ ਨੇ ਆਪਣੇ ਦੇਸ਼ ਦੇ ਰਾਜ ਪ੍ਰਬੰਧ ਨੂੰ ਬਹੁਤ ਮਜ਼ਬੂਤ ਕੀਤਾ ਤੇ ਪਰਜਾ ਨੂੰ ਬਹੁਤ ਸਹੂਲਤਾਂ ਮੁਹੱਈਆ ਕੀਤੀਆਂ। ਜਮਨਾ ਦੇ ਕਿਨਾਰੇ ਸ਼ੇਰ ਸ਼ਾਹ ਨੇ ਆਪਣੀ ਹਕੂਮਤ ਦੀ ਰਾਜਧਾਨੀ ਬਣਾਈ ਜਿਸ ਦਾ ਨਾਂ ਉਸ ਨੇ ਸ਼ੇਰ ਸ਼ਾਹ ਦੀ ਦਿੱਲੀ ਰਖਿਆ। ਸ਼ੇਰ ਸ਼ਾਹ ਦੀ ਦਿੱਲੀ ਦਾ ਘੇਰਾ ਕੋਟਲਾ ਫੀਰੋਜ਼ ਸ਼ਾਹ ਤਕ ਸੀ, ਜਿਥੇ ਖੂਨੀ ਦਰਵਾਜ਼ਾ ਹਾਲੀ ਤੀਕ ਖਲੋਤਾ ਆਪਣੇ ਮਾਲਕ ਦੀ ਯਾਦ ਦਿਲਾ ਰਿਹਾ ਹੈ। ਪੁਰਾਣਾ ਕਿਲ੍ਹਾ ਤੇ ਨਿਜ਼ਾਮੁੱਦੀਨ ਤਕ ਇਹ ਰਾਜਧਾਨੀ ਪਸਰੀ ਹੋਈ ਸੀ। ਸ਼ੇਰ ਸ਼ਾਹ ਗੇਟ ਪੁਰਾਣੇ ਕਿਲ੍ਹੇ ਦੇ ਨਾਲ ਲਗਦਾ ਹੈ ਸ਼ੇਰ ਸ਼ਾਹ ਦਾ ਮਹੱਲ, ਸ਼ਾਹੀ ਖਜ਼ਾਨਾ ਤੇ ਸ਼ਾਹੀ ਦਰਬਾਰ ਸਭ ਪੁਰਾਣੇ ਕਿਲ੍ਹੇ ਵਿਚ ਹੀ ਸਨ। ਸ਼ੇਰ ਸ਼ਾਹ ਨੇ ਦੀਨਪਨਾਹ ਨਾਂ ਦਾ ਪੁਰਾਣਾ ਸ਼ਹਿਰ ਗਿਰਾਕੇ ਪੁਰਾਣੇ ਕਿਲ੍ਹੇ ਦੀ ਨੀਂਹ ਰੱਖੀ।

ਸ਼ੇਰ ਮੰਡਲ ਨਾਂ ਦੀ ਦੋ ਮੰਜ਼ਲੀ ਇਮਾਰਤ ਵੀ ਸ਼ੇਰ ਸ਼ਾਹ ਨੇ ਤਿਆਰ ਕਰਵਾਈ, ਜਿਹੜੀ ਹਮਾਯੂੰ ਦੀ ਲਾਇਬਰੇਰੀ ਸੀ। ਇਸੇ ਇਮਾਰਤ ਦੀਆਂ ਪੌੜੀਆਂ ਤੋਂ ਇਕ ਸ਼ਾਮ ਉਸ ਦਾ ਪੈਰ ਤਿਲਕਿਆ ਤੇ ਉਸ ਦੀ ਮੌਤ ਹੋ ਗਈ।

**[illegible] :**

[illegible] ਹੈ। [illegible]

ਦੀਆਂ ਦਿੱਲੀਆਂ ਚੋਂ ਗਿਣਦੇ ਹਨ। ਇਸ ਨਗਰ ਦੇ ਨਾਲ ਬਹੁਤ ਉੱਚਾ ਤੇ ਬੜਾ ਖੂਬਸੂਰਤ ਇਕ ਵਿਸ਼ਾਲ ਹਰੇ ਭਰੇ ਬਾਗ ਨਾਲ ਘਿਰਿਆ ਕੁਤਬ ਮੀਨਾਰ ਹੈ। ਕੁਤਬ ਮੀਨਾਰ ਤੇ ਚੜ੍ਹਨ ਲਈ ਆਓ ਪਹਿਲਾਂ ਅਸੀਂ ਟਿਕਟ ਲੈ ਲਈਏ, ਔਹ ਸਾਹਮਣੇ ਟਿਕਟ ਮਿਲ ਰਹੇ ਹਨ। ਇਥੇ ਘਟੋ ਘਟ ਤਿੰਨ ਬੰਦਿਆਂ ਦੀ ਟੋਲੀ ਨੂੰ ਟਿਕਟ ਮਿਲਦਾ ਹੈ। ਇਕ ਜਾਂ ਦੋ ਬੰਦਿਆਂ ਨੂੰ ਜਿਨ੍ਹਾਂ ਦੇ ਹੋਰ ਸਾਥੀ ਨਾ ਹੋਣ ਟਿਕਟ ਨਹੀਂ ਮਿਲਦਾ।

ਇਹ ਮੀਨਾਰ 234 ਫੁੱਟ ਉੱਚਾ ਹੈ। ਆਰੰਭ ਵਿਚ ਇਸ ਦੀਆਂ ਚਾਰ ਬੜੀਆਂ ਉੱਚੀਆਂ ਮੰਜ਼ਲਾਂ ਬਣੀਆਂ ਸਨ ਜੋ ਕੁਤਬਦੀਨ ਐਬਕ ਨੇ 12ਵੀਂ ਸਦੀ ਵਿਚ ਬਣਵਾਈਆਂ ਸਨ, ਪਰ ਆਖਰੀ ਮੰਜ਼ਲ ਗਿਰ ਗਈ ਸੀ। ਇਸ ਮਗਰੋਂ ਫੀਰੋਜ਼ਸ਼ਾਹ ਤੁਗਲਕ ਨੇ ਉਪਰ ਦੀਆਂ ਦੋ ਮੰਜ਼ਲਾਂ ਬਣਾ ਦਿੱਤੀਆਂ। ਸਾਹਮਣੇ ਵੇਖੋ ਇਹ ਕਿੰਨੀ ਉੱਚੀ ਤੇ ਖੂਬਸੂਰਤ ਮੀਨਾਰ ਹੈ। ਇਸ ਦਾ ਲਾਲ ਪੱਥਰ ਤੇ ਇਸ ਦੀ ਬਨਾਵਟ ਇੰਨੀ ਵਧੀਆ ਹੈ ਕਿ ਵੇਖ ਕੇ ਮਨ ਮੋਹਿਆ ਜਾਂਦਾ ਹੈ। ਇਸ ਦੀ ਆਖਰੀ ਮੰਜ਼ਲ ਤੇ ਖੜੋ ਕੇ ਦਿੱਲੀ ਦੀਆਂ ਬਹੁਤ ਸਾਰੀਆਂ ਉੱਚੀਆਂ ਇਮਾਰਤਾਂ ਜਿਵੇਂ ਅਸ਼ੋਕਾ ਹੋਟਲ, ਇੰਡੀਆ ਗੇਟ, ਤੇ ਚਾਂਕੀਆਂ ਪੁਰੀ ਵਿਚ ਵੱਖੋ ਵੱਖ ਦੇਸ਼ਾਂ ਦੇ ਬਣੇ ਦੂਤਘਰ ਸਾਫ ਨਜ਼ਰ ਆਉਂਦੇ ਹਨ।

**ਦੀਨ ਪਨਾਹ :**

ਮੁਗਲ ਬਾਦਸ਼ਾਹ ਹਮਾਯੂੰ ਨੇ ਸੰਨ 1530 ਤੋਂ 1556 ਤੀਕ ਭਾਰਤ ਤੇ ਰਾਜ ਕੀਤਾ। ਉਸ ਨੇ ਦੀਨ ਪਨਾਹ ਨਾਂ ਦਾ ਕਿਲ੍ਹਾ ਬਣਵਾਇਆ। ਦੀਨ ਪਨਾਹ ਨੂੰ ਮੁਗਲ ਕਾਲ ਦੀ ਪਹਿਲੀ ਦਿੱਲੀ ਕਿਹਾ ਜਾ ਸਕਦਾ ਹੈ। ਹਮਾਯੂੰ ਦੇ ਸਮੇਂ ਜਮਾਲੀ ਕਮਾਲੀ ਦਾ ਮਕਬਰਾ ਤੇ ਮਸਜਦ ਖੂਨਾ, ਈਸਾ ਖ਼ਾਂ ਦੀ ਮਸਜਦ ਤੇ ਅਰਬ ਦੀ ਸਰਾਂ ਆਦਿ ਬਣਾਈਆਂ ਗਈਆਂ। ਸੰਨ 1556 ਤੋਂ 1605 ਈ: ਤੱਕ ਭਾਰਤ ਤੇ ਅਕਬਰ ਦੀ ਹਕੂਮਤ ਸੀ। ਇਹ ਬੜਾ ਸੁਖ ਚੈਨ ਤੇ ਸ਼ਾਂਤੀ ਦਾ ਸਮਾਂ ਸੀ। ਅਕਬਰ ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਉਹ ਵਿਦਿਆ ਦਾ ਬੜਾ ਪ੍ਰੇਮੀ ਸੀ। ਉਸ ਨੇ ਆਪਣੇ ਸਮੇਂ ਇਕ ਬਹੁਤ ਵੱਡੀ ਲਾਇਬਰੇਰੀ ਬਣਾਈ ਤੇ ਆਪਣੇ ਦਰਬਾਰ ਵਿਚ ਨੌਂ ਰਤਨ ਰੱਖੇ। ਇਨ੍ਹਾਂ ਨੌਂ ਰਤਨਾਂ ਵਿਚ ਟੋਡਰ ਮਲ, ਮਾਨ ਸਿੰਘ, ਭਗਵਾਨ ਦਾਸ, ਤਾਨ ਸੈਨ, ਬੀਰਬਲ, ਫੈਜ਼ ਤੇ ਅਬੂ-ਫਜ਼ਲ ਆਦਿ ਬੜੇ ਪ੍ਰਸਿੱਧ ਹਨ।

ਅਕਬਰ ਨੇ ਆਗਰੇ ਦਾ ਕਿਲ੍ਹਾ ਤੇ ਫਤਹਿ ਪੁਰ ਸੀਕਰੀ ਬਣਵਾਏ। ਦਿੱਲੀ ਵਿਚ ਅਕਬਰ ਦੇ ਸਮੇਂ ਹੀ ਮੀਨਾ ਬਜ਼ਾਰ ਲਗਣਾ ਆਰੰਭ ਹੋਇਆ। ਇਸੇ ਸਮੇਂ ਹਮਾਯੂੰ ਦਾ ਮਕਬਰਾ ਬਣਿਆ।

ਜਹਾਂਗੀਰ ਨੇ 22 ਸਾਲ ਰਾਜ ਕੀਤਾ। ਉਹ ਕਸ਼ਮੀਰ ਤੇ ਆਗਰੇ ਨੂੰ ਬਹੁਤ ਪਸੰਦ ਕਰਦਾ ਸੀ। ਜਹਾਂਗੀਰ ਮਗਰੋਂ ਉਸ ਦੇ ਪੁੱਤਰ ਸ਼ਾਹਜਹਾਨ ਨੇ ਰਾਜ ਗੱਦੀ ਸੰਭਾਲੀ ਜਿਸ ਨੇ ਸ਼ਾਹ-ਜਹਾਨਾਬਾਦ (ਦਿੱਲੀ) ਨੂੰ ਆਪਣੀ ਰਾਜਧਾਨੀ ਬਣਾਇਆ।



ਚਿੱਤਰ ਨੰ: 2—ਕੁਤਬ ਮੀਨਾਰ

ਇਸ ਨਗਰ ਨੂੰ ਸ਼ਾਹਜਹਾਨ ਨੇ ਆਪਣੇ ਰਾਜ ਦੀ ਰਾਜਧਾਨੀ ਕਰਾਰ ਦੇ ਦਿੱਤੀ। ਆਰੰਭ ਵਿਚ ਇਸ ਦਾ ਨਾਂ ਸ਼ਾਹਜਹਾਨ ਪੁਰ ਸੀ ਪਰ ਮਗਰੋਂ ਇਸ ਦਾ ਨਾਂ ਸ਼ਾਹਜਹਾਨਾਬਾਦ ਰਖਿਆ ਗਿਆ। ਇਸ ਉਪਰੰਤ ਇਸ ਦਾ ਨਾਂ ਦਿੱਲੀ ਰਖਿਆ ਗਿਆ। ਜਿਸ ਨੂੰ ਅਜ ਕਲ੍ਹ ਪੁਰਾਣੀ ਦਿੱਲੀ ਆਖਿਆ ਜਾਂਦਾ ਹੈ।

ਸ਼ਾਹਜਹਾਨ ਨੇ ਦਿੱਲੀ ਦੇ ਚਾਰੇ ਪਾਸੇ ਇਕ ਬਹੁਤ ਉੱਚੀ ਤੇ ਚੌੜੀ ਫ਼ਸੀਲ ਬਣਵਾਈ। ਇਸ ਫ਼ਸੀਲ ਦੇ ਨਾਲ ਨਾਲ ਇਕ ਖਾਈ ਵੀ ਸੀ ਜਿਸ ਵਿਚ ਪਾਣੀ ਭਰਿਆ ਰਹਿੰਦਾ ਸੀ ਤਾਂ ਜੋ ਦੁਸ਼ਮਣ ਦਿੱਲੀ ਤੇ ਆਸਾਨੀ ਨਾਲ ਹਮਲਾ ਨਾ ਕਰ ਸਕੇ। ਪੁਰਾਣੀ ਦੀਵਾਰ ਵਿਚ ਕਈ ਉੱਚੇ ਉੱਚੇ ਬੁਰਜ ਸਨ। ਉਹਨਾਂ ਬੁਰਜਾਂ ਵਿਚ ਸੰਤਰੀ ਪਹਿਰਾ ਦੇਂਦੇ ਸਨ ਜੋ ਦੂਰੋਂ ਦੁਸ਼ਮਣ ਨੂੰ ਆਉਂਦਿਆਂ ਵੇਖ ਕੇ ਆਪਣੀ ਫ਼ੌਜ ਨੂੰ ਹੋਸ਼ਿਆਰ ਕਰ ਦੇਂਦੇ ਸਨ। ਇਸ ਦੀਵਾਰ ਦੀ ਚੌੜਾਈ ਇਤਨੀ ਜ਼ਿਆਦਾ ਸੀ ਕਿ ਇਸ ਉੱਤੇ ਕਈ ਕਈ ਘੋੜ ਸਵਾਰ ਘੋੜੇ ਦੁੜਾਂਉਂਦੇ ਇਕ ਸਿਰਿਉਂ ਦੂਜੇ ਸਿਰੇ ਜਾ ਪਹੁੰਚਦੇ ਸਨ। ਇਸ ਦੀਵਾਰ ਵਿਚ ਚੌਦਾਂ ਦਰਵਾਜ਼ੇ ਸਨ, ਜਿਨ੍ਹਾਂ ਦੇ ਨਾਂ ਕਲਕੱਤਾ ਗੇਟ, ਦਿੱਲੀ ਗੇਟ, ਅਜਮੇਰੀ ਗੇਟ, ਕਸ਼ਮੀਰੀ ਗੇਟ, ਲਾਹੌਰੀ ਗੇਟ ਆਦਿ ਹਨ। ਪੁਰਾਣੀ ਦਿੱਲੀ ਵਿਚ ਬਹੁਤ ਸਾਰੀਆਂ ਪੁਰਾਣੀਆ ਇਮਾਰਤਾਂ, ਤੰਗ ਗਲੀਆਂ ਤੇ ਕਈ ਪ੍ਰਸਿੱਧ ਬਜ਼ਾਰ ਵੀ ਹਨ, ਜਿਵੇਂ ਚਾਂਦਨੀ ਚੌਂਕ, ਚੌੜੀ ਬਜ਼ਾਰ, ਨਈ ਸੜਕ, ਸਦਰ ਬਜ਼ਾਰ, ਬਿਲੀ ਮਾਰਾਂ ਤੇ ਕਸ਼ਮੀਰੀ ਗੇਟ ਆਦਿ। ਸ਼ਾਹਜਹਾਨਾਬਾਦ ਨੂੰ ਸਤਵੀਂ ਦਿੱਲੀ ਦਾ ਨਾਂ ਦਿਤਾ ਜਾਂਦਾ ਹੈ, ਜੋ ਕੋਟਲਾ ਫ਼ਿਰੋਜ਼ਸ਼ਾਹ ਦੇ ਉਤਰ ਵੱਲ ਨੂੰ ਹੈ। ਇਸ ਵਿਚ ਕੁਝ ਹਿੱਸਾ ਫ਼ਿਰੋਜ਼ਾਬਾਦ ਦਾ ਵੀ ਸ਼ਾਮਲ ਕਰ ਲਿਆ ਗਿਆ ਸੀ। ਫ਼ਿਰੋਜ਼ਾਬਾਦ ਦੀ ਚੌਦਵੀਂ ਸਦੀ ਵਿਚ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਨੀਂਹ ਰਖੀ ਸੀ।

ਸ਼ਾਹਜਹਾਨਾਬਾਦ ਵਿਚ ਪ੍ਰਸਿੱਧ ਤੇ ਖ਼ੂਬਸੂਰਤ ਚਾਂਦਨੀ ਚੌਂਕ ਹੈ। ਜੋ ਲਾਲ ਕਿਲ੍ਹੇ ਦੇ ਖੁਲ੍ਹੇ ਮੈਦਾਨ ਤੋਂ ਲੈ ਕੇ ਫ਼ਤਿਹ ਪੁਰੀ ਮਸਜਦ ਤੱਕ ਫੈਲਿਆ ਹੋਇਆ ਹੈ ਤੇ ਦੂਜੇ ਪਾਸੇ ਉਹ ਮੋਰੀ ਗੇਟ ਤੱਕ ਜਾ ਪੁਜਦਾ ਹੈ। ਜਦੋਂ ਚਾਂਦਨੀ ਚੌਂਕ ਬਣਿਆ ਤੇ ਇਸ ਦੇ ਦੋਹੀਂ ਪਾਸੀਂ ਛਾਂ ਦਾਰ ਬ੍ਰਿਛ ਲਗਾ ਦਿਤੇ ਗਏ ਤਾਂ ਵਿਚਕਾਰ ਇਕ ਅਤਿ ਸੁੰਦਰ ਛੋਟੀ ਨਹਿਰ ਵਗਦੀ ਸੀ ਜੋ ਅਸਫ਼ਹਾਨ ਦੇ ਬਾਗ਼ ਨਾਲ ਮਿਲਦੀ ਜੁਲਦੀ ਸੀ।

ਚਾਂਦਨੀ ਚੌਂਕ ਦੀ ਖ਼ੂਬਸੂਰਤ ਨਹਿਰ ਨੂੰ ਚਾਲੂ ਰਖਣ ਤੇ ਲਾਲ ਕਿਲ੍ਹੇ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਕੰਮ ਸ਼ਾਹਜਹਾਨ ਨੇ ਅਲੀ ਮਰਦਾਨ ਨਾਂ ਦੇ ਇਕ ਇੰਜੀਨੀਅਰ ਜਿਸਨੇ ਕੰਧਾਰ ਤੇ ਲਾਹੌਰ ਵਿਚ ਨਹਿਰਾਂ ਬਣਾਈਆਂ ਸਨ ਨੂੰ ਸੌਂਪਿਆ।

ਚੌਦਵੀਂ ਸਦੀ ਦੇ ਅੰਤ ਵਿਚ ਫ਼ੀਰੋਜ਼ਸ਼ਾਹ ਤੁਗ਼ਲਕ ਨੇ ਵੀ ਦਿੱਲੀ ਵਿਚ ਨਹਿਰ ਖੁਦਵਾਈ ਸੀ ਜੋ ਹਿਸਾਰ (ਹਰਿਆਣਾ) ਤੀਕ ਜਾਂਦੀ ਸੀ। ਜਦੋਂ ਤੈਮੂਰ ਨੇ ਦਿੱਲੀ ਤੇ ਹੱਲਾ ਬੋਲਿਆ ਤਾਂ ਦੇਸ਼ ਦੀ ਤਬਾਹੀ ਦੇ ਨਾਲ ਨਾਲ ਇਹ ਨਹਿਰ ਵੀ ਤਬਾਹ ਹੋ ਗਈ। ਅਲੀ ਮਰਦਾਨ ਖਾਂ ਇਸ ਨਹਿਰ ਦੀ ਮੁੜ ਮੁਰੰਮਤ ਕਰ ਕੇ ਇਸ ਨੂੰ ਕਰਨਾਲ ਤਕ ਲੈ ਗਿਆ। ਸੋ ਇਸ ਨਹਿਰ ਵਿਚ ਕਰਨਾਲ ਤੋਂ ਪਾਣੀ ਆਉਂਦਾ ਸੀ, ਜਿਸ ਨੂੰ ਲਾਲ ਕਿਲ੍ਹੇ ਵਿਚ ਰਹਿਣ ਵਾਲੇ ਵਰਤਦੇ

ਸਨ। ਸ਼ਾਹਜਹਾਨ ਵਾਸੀਆਂ ਦੀਆਂ ਪਾਣੀ ਦੀਆਂ ਲੋੜਾਂ ਨੂੰ ਇਹੀ ਨਹਿਰ ਪੂਰਾ ਕਰਦੀ ਸੀ ਤੇ ਦਿਲੀ ਵਿਚਲੇ ਬਾਗ ਬਗੀਚਿਆਂ ਨੂੰ ਵੀ ਇਸੇ ਨਹਿਰ ਤੋਂ ਪਾਣੀ ਮਿਲਦਾ ਸੀ। ਮੁਗ਼ਲ ਕਾਲ ਸਮੇਂ ਸਵੱਛ ਪਾਣੀ ਦੀ ਇਹ ਨਹਿਰ ਚਾਂਦਨੀ ਚੌਂਕ ਵਿਚਕਾਰ ਵਗਦੀ ਸੀ।

**ਚਿਰਾਗ਼ ਦਿੱਲੀ :**

ਨਵੀਂ ਦਿੱਲੀ ਕਾਲਕਾ ਜੀ ਦੇ ਨਾਲ ਕਰਕੇ ਚਿਰਾਗ਼ ਦਿੱਲੀ ਨਾਂ ਦਾ ਨਗਰ ਹੈ। ਇਸ ਨੂੰ ਪੁਰਾਣੀਆਂ ਦਿੱਲੀਆਂ ਵਿਚ ਗਿਣਿਆ ਜਾਂਦਾ ਹੈ। ਇਸ ਨਗਰ ਦੇ ਇਰਦ ਗਿਰਦ ਵਡੀ ਸਾਰੀ ਫ਼ਸੀਲ ਸੀ, ਜੋ ਹੁਣ ਢਹਿ ਢੇਰੀ ਹੋ ਗਈ ਹੈ, ਪਰ ਖੰਡਰਾਂ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ ਕਦੀ ਇਸ ਨਗਰ ਵਿਚ ਸ਼ਾਹੀ ਰੌਣਕਾਂ ਸਨ।

ਕਾਂਡ 4

# ਅੰਗਰੇਜ਼ਾਂ ਦੀ ਦਿੱਲੀ

ਮੁਗਲ ਰਾਜ ਸਮੇਂ ਅੰਗਰੇਜ਼ ਲੋਕ ਕਲਕੱਤਾ ਸ਼ਹਿਰ ਵਿਚ ਆਪਣੇ ਵਪਾਰ ਲਈ ਆਏ। ਹੌਲੀ ਹੌਲੀ ਉਨ੍ਹਾਂ ਆਪਣੀਆਂ ਦੁਕਾਨਾਂ ਕਈ ਸ਼ਹਿਰਾਂ ਵਿਚ ਖੋਹਲੀਆਂ। ਮੁਗਲ ਬਾਦਸ਼ਾਹਾਂ ਪਾਸੋਂ ਆਪਣੀ ਤਿਜਾਰਤ ਚਮਕਾਉਣ ਲਈ ਉਨ੍ਹਾਂ ਨੇ ਕਈ ਰਿਆਇਤਾਂ ਪ੍ਰਾਪਤ ਕੀਤੀਆਂ ਤੇ ਹੌਲੀ ਹੌਲੀ ਉਹ ਸਾਰੇ ਭਾਰਤ ਤੇ ਛਾ ਗਏ। ਮੁਗਲ ਰਾਜ ਤੋਂ ਬਿਨਾਂ ਉਸ ਸਮੇਂ ਭਾਰਤ ਵਿਚ ਕਈ ਛੋਟੀਆਂ ਵੱਡੀਆਂ ਰਿਆਸਤਾਂ ਸਨ। ਅੰਗ੍ਰੇਜ਼ਾਂ ਨੇ ਬੜੀ ਚਲਾਕੀ ਨਾਲ ਉਹਨਾਂ ਰਿਆਸਤਾਂ ਵਿਚ ਦਖਲ ਦੇਣਾ ਆਰੰਭਿਆ। ਜੇ ਦੋ ਰਿਆਸਤਾਂ ਦੀ ਆਪੋ ਵਿਚ ਲੜਾਈ ਹੁੰਦੀ ਤਾਂ ਇਕ ਰਾਜੇ ਦਾ ਸਾਥ ਦੇ ਕੇ ਦੂਜੀ ਨੂੰ ਹਰਾਉਣ ਵਿਚ ਅੰਗ੍ਰੇਜ਼ ਸਹਾਇਤਾ ਕਰਦੇ। ਇਸ ਦੇ ਬਦਲੇ ਅੰਗ੍ਰੇਜ਼ਾਂ ਨੇ ਕਈ ਰਿਆਸਤਾਂ ਹਥਿਆ ਲਈਆਂ। ਉਦੋਂ ਇਨ੍ਹਾਂ ਰਿਆਸਤਾਂ ਦਾ ਰਾਜ ਪ੍ਰਬੰਧ ਇਕ ਅੰਗ੍ਰੇਜ਼ ਕੰਪਨੀ ਦੇ ਸਪੁਰਦ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਕਹਿੰਦੇ ਸਨ। ਇਸ ਕੰਪਨੀ ਦੀ ਭਾਰਤ ਵਿਚ ਆਪਣੀ ਫੌਜ ਵੀ ਸੀ। ਉਹਨਾਂ ਪਾਸ ਨਵੀਨ ਕਿਸਮ ਦੇ ਹਥਿਆਰ ਸਨ।

ਸੰਨ 1857 ਵਿਚ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੀ ਹਕੂਮਤ ਸੀ। ਭਾਰਤ ਵਾਸੀ ਅੰਗ੍ਰੇਜ਼ਾਂ ਦੀ "ਭਰਾ ਭਰਾ ਨੂੰ ਆਪੋ ਵਿਚ ਲੜਾਓ ਤੇ ਰਾਜ ਕਰੋ" ਦੀ ਪਾਲਸੀ ਤੋਂ ਤੰਗ ਸਨ। ਭਾਰਤੀਆਂ ਦੇ ਦਿਲਾਂ ਵਿਚ ਬੜੇ ਚਿਰ ਤੋਂ ਅੰਗ੍ਰੇਜ਼ਾਂ ਵਿਰੁੱਧ ਨਫ਼ਰਤ ਭਰੀ ਹੋਈ ਸੀ। ਪਰ ਇਹ ਦੱਬੀ ਹੋਈ ਅੱਗ ਦੀ ਚਿੰਗਾਰੀ ਸੰਨ 1857 ਵਿਚ ਇਕ ਦਮ-ਭੜਕ ਉਠੀ। ਉਹਨੀਂ ਦਿਨੀਂ ਅੰਗ੍ਰੇਜ਼ ਅਫ਼ਸਰਾਂ ਨੇ ਜੋ ਕਾਰਤੂਸ ਫੌਜੀਆਂ ਵਿਚ ਵੰਡੇ, ਉਨ੍ਹਾਂ ਨੂੰ ਦੰਦਾਂ ਨਾਲ ਖੋਹਲਿਆ ਜਾਂਦਾ ਸੀ। ਮੰਗਲ ਪਾਂਡੇ ਨਾਂ ਦੇ ਇਕ ਸਿਪਾਹੀ ਨੇ ਅਜਿਹੇ ਕਾਰਤੂਸ ਮੂੰਹ ਨਾਲ ਖੋਲ੍ਹਣ ਤੋਂ ਨਾਂਹ ਕਰ ਦਿਤੀ। ਉਸ ਦੀ ਅੰਗਰੇਜ਼ ਅਫ਼ਸਰ ਨਾਲ ਝੜਪ ਹੋ ਗਈ। ਬਸ ਫਿਰ ਕੀ ਸੀ ਇਕ ਦਮ ਇਕ ਭਿਆਨਕ ਅਫਵਾਹ ਫੈਲ ਗਈ ਕਿ ਇਨ੍ਹਾਂ ਕਾਰਤੂਸਾਂ ਵਿਚ ਸੂਰ ਦੇ

ਗਊ ਦੀ ਚਰਬੀ ਵਰਤੀ ਗਈ ਹੈ ਤੇ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਦਾ ਧਰਮ ਵਿਗਾੜਨ ਲਈ ਹੀ ਇਸ ਕਿਸਮ ਦੇ ਕਾਰਤੂਸਾਂ ਦੀ ਈਜਾਦ ਕੀਤੀ ਹੈ ਜਿਸ ਨਾਲ ਹਿੰਦੂ ਮੁਸਲਮਾਨ ਦੋਹਾਂ ਦੇ ਧਰਮ ਭਰਿਸ਼ਟ ਹੋ ਜਾਣ ਤੇ ਦੋਵੇਂ ਆਪਣੇ ਮਤਾਂ ਨੂੰ ਤਿਲਾਂਜਲੀ ਦੇ ਕੇ ਈਸਾਈ ਬਣ ਜਾਣ। ਬਸ ਇਸ ਅਫਵਾਹ ਦਾ ਫੈਲਣਾ ਸੀ ਕਿ ਹਿੰਦੂ ਮੁਸਲਮਾਨ ਫੌਜੀਆਂ ਨੇ ਫੈਸਲਾ ਕਰ ਲਿਆ ਕਿ ਧਰਮ ਦੀ ਹਾਨੀ ਕਰਨ ਵਾਲੇ ਗੋਰਿਆਂ ਨੂੰ ਖਤਮ ਕਰ ਦੇਣਾ ਹੈ।

ਸਭ ਤੋਂ ਪਹਿਲਾਂ 10 ਮਈ 1857 ਨੂੰ ਮੇਰਠ ਵਿਖੇ ਅੰਗਰੇਜ਼ਾਂ ਵਿਰੁਧ ਬਲਵਾ ਸ਼ੁਰੂ ਹੋਇਆ। ਫੌਜ ਦੇ ਹਿੰਦੂ ਤੇ ਮੁਸਲਮਾਨ ਸਿਪਾਹੀਆਂ ਨੇ ਅੰਗਰੇਜ਼ ਫੌਜੀ ਅਫਸਰਾਂ ਨੂੰ ਕਤਲ ਕਰ ਦਿਤਾ। ਉਹ ਆਪਣੇ ਹਥਿਆਰ ਲੈ ਕੇ ਦੇਸ਼ ਦੀ ਆਜ਼ਾਦੀ ਲਈ ਨਾਹਰੇ ਲਾਉਂਦੇ ਦਿੱਲੀ ਵੱਲ ਕੂਚ ਪਏ। ਗਿਆਰਾਂ ਮਈ ਨੂੰ ਮੇਰਠ ਦੀ ਬਾਗੀ ਫੌਜ ਦਿੱਲੀ ਆ ਪਹੁੰਚੀ। ਉਨ੍ਹਾਂ ਦਿੱਲੀ ਪਹੁੰਚ ਕੇ ਅੰਗਰੇਜ਼ਾਂ ਦੀ ਚੌਂਕੀ ਨੂੰ ਅੱਗ ਲਗਾ ਦਿਤੀ ਤੇ ਜਮਨਾ ਦਾ ਲੱਕੜ ਦਾ ਪੁਲ ਤੋੜ ਦਿਤਾ।

ਉਸ ਸਮੇਂ ਦਿੱਲੀ ਸ਼ਹਿਰ ਦਾ ਅੰਗਰੇਜ਼ ਮੈਜਿਸਟਰੇਟ ਮੈਟਕਾਫ ਸੀ। ਉਸ ਨੇ ਆਪਣੇ ਫੌਜੀ ਦਸਤੇ ਨੂੰ ਬਾਗੀਆਂ ਨੂੰ ਰੋਕਣ ਦਾ ਹੁਕਮ ਦਿਤਾ। ਪਰ ਉਸ ਸਮੇਂ ਤਕ ਮੇਰਠ ਵਾਲਾ ਬਾਗੀ ਫੌਜੀ ਦਸਤਾ ਸ਼ਹਿਰ ਵਿਚ ਦਾਖਲ ਹੋ ਚੁਕਿਆ ਸੀ। ਦੋਹਾਂ ਦਸਤਿਆਂ ਦੀ ਹੋਈ ਝੜਪ ਸਮੇਂ ਅੰਗਰੇਜ਼ ਅਫਸਰ ਤੇ ਫੌਜੀ ਮਾਰੇ ਗਏ। ਹਿੰਦੁਸਤਾਨੀ ਸਿਪਾਹੀ ਬਾਗੀ ਫੌਜ ਨਾਲ ਮਿਲ ਗਏ। ਅੰਗਰੇਜ਼ੀ ਬਾਰੂਦਖਾਨੇ ਉਤੇ ਬਾਗੀ ਫੌਜ ਨੇ ਕਬਜ਼ਾ ਕਰ ਲਿਆ ਤੇ ਖਜ਼ਾਨਾ ਲੁਟ ਲਿਆ। ਸ਼ਹਿਰ ਵਿਚ ਜੋ ਵੀ ਅੰਗਰੇਜ਼ ਇਸਤਰੀ ਮਰਦ ਨਜ਼ਰ ਆਉਂਦਾ ਸਭ ਕਤਲ ਕਰ ਦਿਤੇ ਜਾਂਦੇ। ਬਾਗੀ ਸਿਪਾਹੀ ਲਾਲ ਕਿਲ੍ਹੇ ਵਿਚ ਦਾਖਲ ਹੋ ਗਏ। ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ, ਜਿਸ ਦੀ ਸਰਕਾਰ ਕਿਲ੍ਹੇ ਦੀ ਚਾਰ ਦੀਵਾਰੀ ਤੀਕ ਹੀ ਸੀਮਤ ਸੀ, ਨੂੰ ਬਾਗੀਆਂ ਨੇ ਆਪਣਾ ਬਾਦਸ਼ਾਹ ਤੇ ਜਰਨੈਲ ਘੋਸ਼ਿਤ ਕਰ ਦਿਤਾ। ਸਾਰੇ ਦੇਸ਼ ਵਿਚ ਇਹ ਖਬਰ ਅੱਗ ਵਾਂਗ ਫੈਲ ਗਈ ਕਿ ਆਜ਼ਾਦੀ ਲਈ ਲੜ ਰਹੇ ਸਿਪਾਹੀਆਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਹੈ ਤੇ ਉਹਨਾਂ ਨੇ ਸਾਰੇ ਭਾਰਤ ਤੋਂ ਅੰਗਰੇਜ਼ਾਂ ਨੂੰ ਕਢ ਕੇ ਹੀ ਦਮ ਲੈਣਾ ਹੈ।

ਅੰਗਰੇਜ਼ਾਂ ਨੇ ਸਮਝ ਲਿਆ ਕਿ ਜੇ ਇਸ ਲੜਾਈ ਵਿਚ ਉਹ ਹਾਰ ਗਏ ਤਾਂ ਉਨ੍ਹਾਂ ਨੂੰ ਸੋਨੇ ਦੀ ਚਿੜੀ ਭਾਰਤ ਤੋਂ ਸਦਾ ਲਈ ਹਥ ਧੋਣੇ ਪੈਣਗੇ। ਸੋ ਉਨ੍ਹਾਂ ਮੇਰਠ, ਗਾਜ਼ੀਆਬਾਦ ਤੇ ਪੰਜਾਬ ਆਦਿ ਤੋਂ ਆਪਣੇ ਵਫਾਦਾਰ ਫੌਜੀ ਇਕੱਠੇ ਕੀਤੇ ਤੇ ਅੱਠ ਜੂਨ ਨੂੰ ਦਿੱਲੀ ਤੇ ਹੱਲਾ ਬੋਲ ਦਿਤਾ। ਉਸ ਸਮੇਂ ਅੰਗਰੇਜ਼ਾਂ ਦੀ ਹਾਲਤ ਬੜੀ ਨਾਜ਼ਕ ਸੀ। ਉਨ੍ਹਾਂ ਨੂੰ ਦਿਨੇ ਤਾਰੇ ਨਜ਼ਰ ਆਉਣ ਲਗ ਪਏ ਸਨ। ਦਿੱਲੀ ਵਿਚ ਬਾਗੀਆਂ ਤੇ ਅੰਗਰੇਜ਼ੀ ਫੌਜ ਦੀ ਰੋਜ਼ਾਨਾ ਝੜਪ ਹੁੰਦੀ। ਕਦੀ ਬਾਗੀਆਂ ਦਾ ਪੱਲਾ ਭਾਰੀ ਹੁੰਦਾ ਕਦੀ ਅੰਗਰੇਜ਼ਾਂ ਦਾ। ਬਾਗੀਆਂ ਦੀ ਪਿਠ ਤੇ ਸਾਰੀ ਦਿੱਲੀ ਤੇ ਲਾਲ ਕਿਲ੍ਹਾ ਸੀ।

23 ਜੂਨ, 1757 ਨੂੰ ਪਲਾਸੀ ਦੀ ਲੜਾਈ ਹੋਈ ਸੀ ਉਸ ਲੜਾਈ ਨੂੰ ਅੱਜ ਪੂਰੇ ਸੌ ਸਾਲ ਹੋ ਗਏ ਸਨ। ਸੋ ਹਿੰਦੀ ਸਿਪਾਹੀਆਂ ਨੂੰ ਯਕੀਨ ਸੀ ਕਿ ਪਲਾਸੀ ਦੀ ਲੜਾਈ ਤੋਂ ਸੌ ਸਾਲ ਮਗਰੋਂ ਅੰਗਰੇਜ਼ੀ ਸਰਕਾਰ ਦਾ ਮੁਕੰਮਲ ਸਫਾਇਆ ਹੋ ਜਾਣਾ ਹੈ।

ਅੱਠ ਜੁਲਾਈ ਨੂੰ ਬਾਗੀ ਫੌਜਾਂ ਨੇ ਜਮਨਾ ਦਾ ਪੁਲ ਉਡਾ ਦਿਤਾ ਤੇ ਮੈਟਕਾਫ ਹਾਊਸ ਤੇ ਹੱਲਾ ਬੋਲ ਦਿਤਾ। ਅੱਧ ਅਗਸਤ ਤਕ ਲੜਾਈ ਜ਼ੋਰਾਂ ਤੇ ਹੋ ਗਈ। ਚੌਦਾਂ ਅਗਸਤ ਨੂੰ ਨਿਕ-ਸਨ ਬੜੀ ਤਕੜੀ ਫੌਜ ਲੈ ਕੇ ਅੰਗਰੇਜ਼ਾਂ ਦੀ ਹਾਰ ਰਹੀ ਫੌਜ ਦੀ ਸਹਾਇਤਾ ਲਈ ਪਹੁੰਚ ਗਿਆ। ਅਜ਼ਾਦਪੁਰ ਦੇ ਨਜ਼ਦੀਕ ਚੰਗੀ ਤਕੜੀ ਲੜਾਈ ਹੋਈ।

14 ਸਤੰਬਰ ਤਕ ਸਾਰੇ ਭਾਰਤ ਤੋਂ ਅੰਗਰੇਜ਼ਾਂ ਨੂੰ ਕੁਮਕ ਪਹੁੰਚ ਗਈ ਸੀ। ਉਨ੍ਹਾਂ ਨੂੰ ਹਥਿਆਰ, ਸਿੱਕਾ ਬਾਰੂਦ ਤੇ ਤੋਪਾਂ ਵੀ ਪਹੁੰਚ ਗਈਆਂ। ਅੰਗਰੇਜ਼ਾਂ ਨੇ ਜਮ ਕੇ ਲੜਾਈ ਲੜੀ ਤੇ ਨਾਲ ਹੀ ਉਨ੍ਹਾਂ ਆਪਣਾ ਪੁਰਾਣਾ ਹਥਿਆਰ ''ਦੁਸ਼ਮਨਾਂ ਵਿਚ ਫੁੱਟ ਪਾਓ ਤੇ ਰਾਜ ਕਰੋ'' ਵੀ ਵਰਤਿਆ। ਕਈ ਬਾਗੀ ਉਹਨਾਂ ਖਰੀਦ ਲਏ, ਤੇ ਨਾਲ ਹੀ ਬਾਦਸ਼ਾਹ ਦੇ ਕਈ ਸਲਾਹਕਾਰ ਆਪਣੇ ਨਾਲ ਮਿਲਾ ਲਏ। ਉਹਨਾਂ ਨੂੰ ਕਈ ਤਰ੍ਹਾਂ ਦੇ ਲਾਲਚ ਦਿਤੇ ਗਏ। ਬਾਦਸ਼ਾਹ ਤੇ ਬਾਗੀ ਫੌਜ ਦੇ ਖੁਫੀਆ ਭੇਦ ਅੰਗਰੇਜ਼ਾਂ ਤੀਕ ਪਹੁੰਚ ਰਹੇ ਸਨ।

ਇਸ ਤਰ੍ਹਾਂ ਬਾਗੀ ਫੌਜਾਂ ਦੀਆਂ ਅੰਦਰੂਨੀ ਕਮਜ਼ੋਰੀਆਂ ਦਾ ਅੰਗਰੇਜ਼ੀ ਕਮਾਂਡਰ ਨੂੰ ਪਤਾ ਲਗ ਗਿਆ। ਅੰਗਰੇਜ਼ਾਂ ਨੇ ਹਿੰਦੀ ਬਾਗੀ ਫੌਜ ਵਿਚ ਫੁਟ ਪਵਾ ਦਿੱਤੀ ਅਤੇ 14 ਅਗਸਤ ਦੀ ਲੜਾਈ ਵਿਚ ਕਸ਼ਮੀਰੀ ਦਰਵਾਜ਼ਾ ਤੋਪ ਨਾਲ ਉਡਾ ਦਿੱਤਾ ਗਿਆ। ਅੰਗਰੇਜ਼ੀ ਫੌਜ ਸ਼ਹਿਰ ਵਿਚ ਦਾਖਲ ਹੋ ਗਈ। ਜਾਮਾ ਮਸਜਿਦ, ਚਾਂਦਨੀ ਚੌਕ ਤੇ ਸਾਰੀ ਦਿੱਲੀ ਵਿਚ ਬਾਗੀਆਂ ਨੇ ਆਪਣੇ ਮੋਰਚੇ ਮਜ਼ਬੂਤ ਕੀਤੇ ਹੋਏ ਸਨ। ਪੂਰੇ ਪੰਜ ਦਿਨ ਘਸਮਾਨ ਦੀ ਲੜਾਈ ਹੁੰਦੀ ਰਹੀ ਤੇ ਅੰਤ 21 ਸਤੰਬਰ ਦੀ ਸਵੇਰ ਨੂੰ ਅੰਗਰੇਜ਼ਾਂ ਨੇ ਦਿੱਲੀ ਦੀ ਜਿੱਤ ਦਾ ਐਲਾਨ ਕਰ ਦਿਤਾ। ਪੂਰੇ ਚਾਰ ਮਹੀਨੇ ਆਜ਼ਾਦੀ ਦੇ ਪਰਵਾਨੇ ਭਾਰਤੀ ਹਿੰਦੂ ਮੁਸਲਮਾਨ ਸਿਪਾਹੀ ਅੰਗਰੇਜ਼ੀ ਫੌਜ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਜਦ ਅੰਗਰੇਜ਼ਾਂ ਨੇ ਦਿੱਲੀ ਸਰ ਕਰ ਲਈ ਤਾਂ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੇ ਆਪਣੀਆਂ ਬੇਗਮਾਂ ਤੇ ਸ਼ਹਿਜ਼ਾਦਿਆਂ ਸਮੇਤ ਹਮਾਯੂੰ ਦੇ ਮਕਬਰੇ ਪਨਾਹ ਲਈ। ਅੰਗਰੇਜ਼ੀ ਫੌਜ ਨੇ ਹਮਾਯੂੰ ਦਾ ਮਕਬਰਾ ਘੇਰ ਲਿਆ। ਬਾਦਸ਼ਾਹ ਨੇ ਹਾਰ ਸਵੀਕਾਰ ਕਰ ਲਈ। ਹਡਸਨ ਨੇ ਬਾਦਸ਼ਾਹ ਨੂੰ ਗ੍ਰਿਫਤਾਰ ਕਰ ਲਿਆ ਤੇ ਸ਼ਹਿਜ਼ਾਦਿਆਂ ਨੂੰ ਕਤਲ ਕਰ ਦਿਤਾ। ਆਜ਼ਾਦੀ ਦੀ ਇਸ ਜੰਗ ਵਿਚ ਦਿੱਲੀ ਨਿਵਾਸੀਆਂ ਨੇ ਬਾਦਸ਼ਾਹ ਤੇ ਬਾਗੀ ਫੌਜ ਦਾ ਪੂਰਾ ਪੂਰਾ ਸਾਥ ਦਿਤਾ ਸੀ। ਇਸ ਲਈ ਅੰਗ੍ਰੇਜ਼ਾਂ ਦੀ ਜਿੱਤ ਮਗਰੋਂ ਉਨ੍ਹਾਂ ਤੇ ਵੀ ਮੁਸੀਬਤਾਂ ਦੇ ਪਹਾੜ ਡਿਗ ਪਏ। ਹਜ਼ਾਰਾਂ ਸਿਪਾਹੀ ਮਾਰੇ ਗਏ ਤੇ ਲਖਾਂ ਲੋਕੀਂ ਘਰੋਂ ਬੇਘਰ ਹੋ ਗਏ। ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਤੇ ਘੋਰ ਜ਼ੁਲਮ ਢਾਹੇ। ਉਨ੍ਹਾਂ ਨੇ ਬਾਗੀਆਂ ਤੋਂ ਖੂਬ ਬਦਲੇ ਲਏ, ਹਜ਼ਾਰਾਂ ਨੂੰ ਫਾਂਸੀ ਚੜ੍ਹਾ ਦਿਤਾ ਤੇ ਬੇਗਿਣਤ ਲੋਕਾਂ ਨੂੰ ਜੇਹਲ ਵਿਚ ਡਕ ਦਿਤਾ। ਦਿੱਲੀ ਫਿਰ ਉਜੜ ਗਈ। ਚਾਂਦਨੀ ਚੌਕ ਤੇ ਦਰੀਬਾ ਦੀਆਂ ਕਈ ਮੰਜ਼ਲੀਆਂ ਇਮਾਰਤਾਂ ਇਸ ਲਈ ਗਿਰਾ ਦਿਤੀਆਂ ਗਈਆਂ ਕਿ ਜੇਕਰ ਬਾਗੀ ਮੁੜ ਸਿਰ ਉਠਾਣ ਤਾਂ ਦਿੱਲੀ ਤੋਪਾਂ ਦੀ ਮਾਰ ਹੇਠ ਆ ਸਕੇ। ਦਿੱਲੀ ਤੇ ਕਬਜ਼ਾ ਕਰਨ ਮਗਰੋਂ ਪੁਰਾਣੀ ਦਿੱਲੀ ਦੀ ਚਾਰ ਦੀਵਾਰੀ ਤੋਂ ਬਾਹਰ ਅੰਗਰੇਜ਼ਾਂ ਨੇ ਆਪਣੇ ਲਈ ਬਹੁਤ ਵਧੀਆ ਬੰਗਲੇ ਉਸਾਰੇ। ਇਸ ਇਲਾਕੇ ਨੂੰ ਸਿਵਲ ਆਬਾਦੀ ਕਿਹਾ ਜਾਂਦਾ ਸੀ। ਬਾਕੀ ਦੀ ਦਿੱਲੀ ਵਿਚ ਬੀਮਾਰੀਆਂ ਫੈਲਣ ਜਾਂ

[illegible]



ਲੋਕ ਭੁੱਖ ਨਾਲ ਮਰਨ, ਅੰਗ੍ਰੇਜ਼ਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ, ਉਹ ਆਪ ਸੁਰੱ-ਖਿਅਤ ਸਨ।

ਸੰਨ 1911 ਵਿਚ ਬਾਦਸ਼ਾਹ ਜਾਰਜ ਪੰਜਵੇਂ ਦੀ ਆਮਦ ਤੇ ਦਿੱਲੀ ਵਿਚ ਬੜਾ ਸ਼ਾਹਾਨਾ ਦਰਬਾਰ ਰਖਿਆ ਗਿਆ। ਇਸ ਸਮੇਂ ਰਿਆਸਤਾਂ ਦੇ ਰਾਜੇ, ਜਾਗੀਰਦਾਰ ਤੇ ਰਈਸ ਵਾਇਸਰਾਏ ਨੂੰ "ਜੀਉ ਆਇਆਂ" ਆਖਣ ਤੇ ਸੁਆਗਤ ਲਈ ਦਰਬਾਰ ਵਿਚ ਸ਼ਾਮਲ ਹੋਏ। ਇਸ ਸਮੇਂ ਜਾਰਜ ਪੰਜਵੇਂ ਨੇ ਐਲਾਨ ਕੀਤਾ ਕਿ ਅਗੇਂ ਲਈ ਕਲਕਤੇ ਦੀ ਥਾਂ ਭਾਰਤ ਦੀ ਰਾਜਧਾਨੀ ਦਿੱਲੀ ਹੋਵੇਗੀ। ਇਸ ਮਗਰੋਂ ਦਿੱਲੀ ਵਿਚ ਕੁਝ ਸੁਧਾਰ ਹੋਇਆ। ਵਿਚਾਰੇ ਦਿੱਲੀ ਵਾਲਿਆਂ ਦੀ ਵੀ ਸੁਣੀ ਗਈ।

ਦਿੱਲੀ ਨਗਰ ਨਿਗਮ ਸੰਨ 1863 ਈ: ਵਿਚ ਬਣਿਆ। ਟਾਊਨ ਹਾਲ ਜਿਥੇ ਅਜ ਕਲ ਦਿੱਲੀ ਮਿਉਂਸਪਲ ਕਮੇਟੀ ਦੇ ਦਫਤਰ ਹਨ ਤੇ ਘੰਟਾ ਘਰ, ਜਿਥੇ ਮੁਗਲਾਂ ਸਮੇਂ ਪਾਣੀ ਦੀ ਨਹਿਰ ਵਗਦੀ ਸੀ, ਬਣਾਏ ਗਏ। ਸੰਨ 1867 ਵਿਚ ਦਿੱਲੀ ਵਿਚ ਰੇਲ ਚਲੀ। ਸੰਨ 1903 ਵਿਚ ਦਿੱਲੀ ਵਿਚ ਬਿਜਲੀ ਆਈ ਤੇ ਕਈ ਹਸਪਤਾਲ ਵੀ ਖੋਲ੍ਹੇ ਗਏ।

ਅੰਗ੍ਰੇਜ਼ ਭਾਰਤ ਤੇ 1947 ਤੀਕ ਰਾਜ ਕਰਦੇ ਰਹੇ, ਅੰਗ੍ਰੇਜ਼ਾਂ ਦੇ ਸਮੇਂ ਦਿੱਲੀ ਵਿਚ ਇਹ ਯਾਦਗਾਰੀ ਅਸਥਾਨ ਬਣੇ : ਲੇਡੀ ਹਾਰਡਿੰਗ ਹਸਪਤਾਲ, ਐਡਵਰਡ ਪਾਰਕ, ਹਾਰਡਿੰਗ ਲਾਇਬਰੇਰੀ, ਦਿੱਲੀ ਯੂਨੀਵਰਸਿਟੀ, ਲੋਕ ਸਭਾ ਭਵਨ, ਇਰਵਨ ਹਸਪਤਾਲ, ਬੁਧ ਮੰਦਰ, ਕਾਲੀ ਮੰਦਰ, ਪੂਸਾ ਇਨਸਟੀਚਿਊਟ, ਰੇਡੀਉ ਸਟੇਸ਼ਨ, ਰਾਸ਼ਟਰਪਤੀ ਭਵਨ ਤੇ ਇੰਡੀਆ ਗੇਟ ਆਦਿ। ਇਸ ਸਮੇਂ ਦਿੱਲੀ ਵਿਚ ਟਰਾਮ ਚਲਾਈ ਗਈ ਜੋ ਚਾਂਦਨੀ ਚੌਕ ਚੋਂ ਲੰਘਦੀ ਸੀ, ਪਰ ਇਹ ਦੇਸ਼ ਦੀ ਵੰਡ ਤੋਂ ਛੇ ਸਾਲ ਮਗਰੋਂ ਬੰਦ ਕਰ ਦਿਤੀ।

P915.456/P12S d
15797 dt. 16.2.93 Rs 6.90.



ਚਿਤਰ ਨੰ: 3—ਇੰਡੀਆ ਗੇਟ

### ਕਾਂਡ ਪੰਜਵਾਂ

# ਆਜ਼ਾਦ ਭਾਰਤ ਦੀ ਦਿੱਲੀ

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੂੰ ਅੰਗਰੇਜ਼ਾਂ ਦੀ ਸ਼ਕਤੀ ਦਾ ਪੂਰੀ ਤਰ੍ਹਾਂ ਗਿਆਨ ਸੀ। ਅੰਗਰੇਜ਼ਾਂ ਨੇ ਦੁਨੀਆਂ ਵਿਚ ਸਭ ਤੋਂ ਸ਼ਕਤੀਸ਼ਾਲੀ ਮੁਲਕ ਜਰਮਨੀ ਨੂੰ ਹਰਾਇਆ ਸੀ। ਇੱਧਰ ਗਰੀਬ ਭਾਰਤ ਵਿਚ ਅਨਪੜ੍ਹਤਾ, ਗੁਲਾਮੀ, ਗਰੀਬੀ ਤੇ ਜਹਾਲਤ ਸੀ। ਲੋਕੀਂ ਕਈ ਤਰ੍ਹਾਂ ਦੇ ਵਹਿਮਾਂ ਤੇ ਭਰਮਾਂ ਦੇ ਸ਼ਿਕਾਰ ਸਨ। ਅੰਗਰੇਜ਼ਾਂ ਨੇ ਭਾਰਤ ਵਾਸੀਆਂ ਵਿਚ ਫੁੱਟ ਪਾ ਕੇ ਕਿੰਨੇ ਹੀ ਫਿਰਕੂ ਫਸਾਦ ਕਰਵਾਏ। ਹਜ਼ਾਰਾਂ ਬੇਗੁਨਾਹ ਮਾਰੇ ਗਏ ਜਿਸ ਨਾਲ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਗਈਆਂ। ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਚਾਰਦਿਆਂ ਗਾਂਧੀ ਜੀ ਨੇ ਉਸ ਸ਼ਕਤੀ-ਸ਼ਾਲੀ ਸਰਕਾਰ ਨੂੰ ਖਤਮ ਕਰਨ ਲਈ ਇਕ ਅਨੋਖੀ ਕਿਸਮ ਦੀ ਜੰਗ ਲੜਨ ਦਾ ਫੈਸਲਾ ਕੀਤਾ ਤੇ ਇਹ ਸੀ 'ਸ਼ਾਂਤ ਮਈ ਸਤਿਆਗ੍ਰਹਿ''। ਚੋਰੀ ਲੁਕ ਛਿਪ ਕੇ ਹਮਲਾ ਕਰਨ ਦੀ ਥਾਂ ਸਾਹਮਣੇ ਖੜੋ ਕੇ ਉਨ੍ਹਾਂ ਅੰਗਰੇਜ਼ਾਂ ਨੂੰ ਵੰਗਾਰਿਆ ਸੀ ਕਿ ਸਭ ਭਾਰਤ ਵਾਸੀ ਬਦੇਸ਼ੀ ਸਰਕਾਰ ਨੂੰ ਭਾਰਤ ਤੋਂ ਬਾਹਰ ਕੱਢ ਕੇ ਹੀ ਦਮ ਲੈਣਗੇ ਤੇ ਇਸ ਕੰਮ ਲਈ ਸਭ ਬੱਚੇ ਬੁੱਢੇ, ਇਸਤਰੀ ਪੁਰਸ਼, ਅਮੀਰ ਗਰੀਬ ਲਾਠੀਆਂ ਗੋਲੀਆਂ ਦਾ ਸ਼ਿਕਾਰ ਹੋਣ ਤੇ ਜੇਲ੍ਹਾਂ ਭਰ ਕੇ ਕਈ ਤਰ੍ਹਾਂ ਦੇ ਜ਼ੁਲਮ ਸਹਿਣ ਨੂੰ ਤਿਆਰ ਹਨ। ਇਸ ਲਲਕਾਰ ਦਾ ਨਤੀਜਾ ਇਹ ਨਿਕਲਿਆ ਕਿ ਵੱਖ ਵੱਖ ਕੌਮਾਂ ਵਿਚ ਵੰਡੇ ਆਪੋ ਆਪਣੇ ਧਰਮ ਵਿਚ ਯਕੀਨ ਰਖਣ ਵਾਲੇ ਭਾਰਤੀ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਕੁੱਦ ਪਏ। ਅੰਤ ਇਸੇ ਸਤਿਆਗ੍ਰਹਿ ਦੇ ਹਥਿਆਰ ਨਾਲ ਹੀ ਆਜ਼ਾਦੀ ਦੀ ਲੜਾਈ ਜਿੱਤੀ ਗਈ ਤੇ ਅੰਗਰੇਜ਼ਾਂ ਨੂੰ ਭਾਰਤ ਵਰਗੀ ਸੋਨੇ ਦੀ ਚਿੜੀ ਨੂੰ ਛਡ ਕੇ ਆਪਣੇ ਵਤਨ ਵਾਪਸ ਭਜਣਾ ਪਿਆ।

15 ਅਗਸਤ 1947 ਨੂੰ ਆਜ਼ਾਦੀ ਮਿਲਣ ਤੇ ਦਿੱਲੀ ਆਜ਼ਾਦ ਭਾਰਤ ਦੀ ਰਾਜਧਾਨੀ ਬਣੀ। ਦਿੱਲੀ ਵਿਚ ਅੰਗ੍ਰੇਜ਼ਾਂ ਦੀ ਸਾਜ਼ਸ਼ ਅਧੀਨ ਹਿੰਦੂ ਮੁਸਲਮਾਨਾਂ ਵਿਚ ਫਸਾਦ ਹੋਏ। ਬਹੁਤ ਸਾਰੇ ਮੁਸਲਮਾਨ ਨੱਠ ਕੇ ਪਾਕਿਸਤਾਨ ਚਲੇ ਗਏ। ਜੋ ਬਾਕੀ ਬਚੇ ਉਨ੍ਹਾਂ ਨੂੰ ਸਰਕਾਰ ਨੇ ਬੜੀ ਮੁਸ਼ਕਲ ਨਾਲ ਆਪੋ ਆਪਣੇ ਘਰੀਂ ਲਿਆਕੇ ਮੁੜ ਵਸਾਇਆ। ਤੀਹ ਜਨਵਰੀ 1948 ਨੂੰ ਆਜ਼ਾਦੀ ਦੀ ਜੰਗ ਦੇ ਮਹਾਨ ਨੇਤਾ ਨੂੰ ਦੇਸ਼ ਦੇ ਪਿਤਾ ਮਹਾਤਮਾ ਗਾਂਧੀ ਜੀ ਨੂੰ ਕਿਸੇ ਸਿਰ ਫਿਰੇ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿਤਾ। ਇਸ ਮਗਰੋਂ ਸਰਕਾਰ ਨੇ ਬੜੀ ਮੁਸ਼ਕਲ ਨਾਲ ਫਿਰਕੂ

ਹਾਲਾਤ ਤੇ ਕਾਬੂ ਪਾਇਆ ਤੇ ਦੇਸ਼ ਵਿਚ ਸ਼ਾਂਤੀ ਵਰਤੀ। ਬਿਰਲਾ ਹਾਊਸ ਵਿਚ ਜਿਥੇ ਗਾਂਧੀ ਜੀ ਰਹਿੰਦੇ ਸਨ, ਉਨ੍ਹਾਂ ਦੀ ਸ਼ਹਾਦਤ ਮਗਰੋਂ ਉਸ ਸੜਕ ਦਾ ਨਾਂ ਤੀਹ ਜਨਵਰੀ ਮਾਰਗ ਰੱਖਿਆ ਗਿਆ। ਉਨ੍ਹਾਂ ਦੀ ਯਾਦ ਵਿਚ ਬਣੇ ਰਾਜ ਘਾਟ ਗਾਂਧੀ ਸਮਾਰਕ ਸੰਗ੍ਰਹਿ, ਹਰੀਜਨ ਨਿਵਾਸ ਗਾਂਧੀ ਗਰਾਊਂਡ, ਬਾਪੂ ਸਮਾਜ ਸੇਵਾ ਕੇਂਦਰ ਤੇ ਗਾਂਧੀ ਦਰਸ਼ਨ ਪਰਦਰਸ਼ਨੀ ਆਦਿ ਅਸਥਾਨ 'ਰਾਸ਼ਟਰ ਪਿਤਾ' ਦੀ ਯਾਦ ਦਿਲਾਂਦੇ ਹਨ।

ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਸਨ ਤੇ ਉਪ ਪ੍ਰਧਾਨ ਮੰਤਰੀ ਸਰਦਾਰ ਵਲਭ ਭਾਈ ਪਟੇਲ ਇਨ੍ਹਾਂ ਦੋਹਾਂ ਨੇਤਾਵਾਂ ਨੇ ਦਿੱਲੀ ਦੇ ਭਿਆਨਕ ਹਾਲਾਤ ਤੇ ਬੜੀ ਸਿਆਣਪ ਨਾਲ ਕਾਬੂ ਪਾਇਆ। ਮਹਾਤਮਾ ਗਾਂਧੀ ਦੀ ਸਮਾਧੀ ਰਾਜ ਘਾਟ ਵਿਖੇ ਹੈ। ਉਨ੍ਹਾਂ ਦੇ ਨਾਲ ਸਾਡੇ ਪਿਆਰੇ ਨੇਤਾ ਚਾਚਾ ਨਹਿਰੂ, ਜਿਨ੍ਹਾਂ ਦੀ ਮ੍ਰਿਤੂ 1964 ਵਿਚ ਹੋਈ ਸੀ, ਦੀ ਸਮਾਧੀ ਵੀ ਹੈ। ਉਨ੍ਹਾਂ ਦੀ ਸਮਾਧੀ ਦੇ ਨਾਲ ਹੀ ਜਮਨਾ ਪੁਲ ਦੇ ਨੇੜੇ ਕਰਕੇ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਸਮਾਧੀ ਵੀ ਹੈ ਜਿਨ੍ਹਾਂ ਦੀ ਰੂਸ ਦੇ ਦੌਰੇ ਸਮੇਂ ਮ੍ਰਿਤੂ ਹੋ ਗਈ ਸੀ। ਇਨ੍ਹਾਂ ਤਿੰਨਾਂ ਸਮਾਧੀਆਂ ਤੇ ਹਰ ਰੋਜ਼ ਹਜ਼ਾਰਾਂ ਲੋਕੀਂ ਦਰਸ਼ਨਾਂ ਲਈ ਆਉਂਦੇ ਹਨ ਤੇ ਇਨ੍ਹਾਂ ਸਮਾਧੀਆਂ ਤੇ ਫੁੱਲ ਚੜ੍ਹਾਉਂਦੇ ਹਨ।

ਦੂਜੇ ਸੰਸਾਰ ਯੁਧ ਵਿਚ ਸ਼ਹੀਦ ਹੋਏ ਭਾਰਤੀਆਂ ਦੀ ਯਾਦ ਵਿਚ ਅੰਗ੍ਰੇਜ਼ਾਂ ਨੇ ਨਵੀਂ ਦਿੱਲੀ ਵਿਚ ਇੰਡੀਆ ਗੇਟ ਬਣਵਾਇਆ ਸੀ। ਉਸ ਦੇ ਸਾਹਮਣੇ ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ ਤੇ ਬਹੁਤ ਸਾਰੇ ਸਰਕਾਰੀ ਦਫ਼ਤਰ ਹਨ। ਹਰ ਸਾਲ 26 ਜਨਵਰੀ ਨੂੰ ਰਾਸ਼ਟਰਪਤੀ ਭਵਨ ਤੋਂ ਬਹੁਤ ਵੱਡਾ ਜਲੂਸ ਨਿਕਲਦਾ ਹੈ, ਜਿਸ ਵਿਚ ਸਾਰੇ ਭਾਰਤ ਦੇ ਲੱਖਾਂ ਲੋਕ ਸ਼ਾਮਲ ਹੁੰਦੇ ਹਨ। ਇਸ ਸਮੇਂ ਫੌਜ ਤੇ ਪੁਲਿਸ ਦੀਆਂ ਕਈ ਟੁਕੜੀਆਂ ਵੀ ਮਾਰਚ ਕਰਦੀਆਂ ਹਨ। ਭਾਰਤ ਦੇ ਵੱਖ ਵੱਖ ਸੂਬਿਆਂ ਵਲੋਂ, ਉਥੋਂ ਦੇ ਲੋਕ ਨਾਚ ਗਿੱਧੇ ਤੇ ਭੰਗੜੇ ਪਾਏ ਜਾਂਦੇ ਹਨ। ਇੰਡੀਆ ਗੇਟ ਤੇ ਹੀ ਹਰ ਸਾਲ ਰਾਸ਼ਟਰਪਤੀ ਸਲਾਮੀ ਲੈਂਦੇ ਹਨ। ਇਸ ਸਮਾਗਮ ਵਿਚ ਦੁਨੀਆ ਭਰ ਦੇ ਰਾਜਦੂਤ ਤੇ ਉਨ੍ਹਾਂ ਦੇ ਪਰਵਾਰ ਸ਼ਾਮਲ ਹੁੰਦੇ ਹਨ।

15 ਅਗਸਤ 1947 ਨੂੰ ਲਾਲ ਕਿਲ੍ਹੇ ਤੇ ਆਜ਼ਾਦ ਭਾਰਤ ਦਾ ਝੰਡਾ ਲਹਿਰਾਇਆ ਗਿਆ ਜੋ ਅਸੀਂ ਲਾਲ ਕਿਲ੍ਹੇ ਦੀ ਯਾਤਰਾ ਸਮੇਂ ਕਿਲ੍ਹੇ ਉਪਰ ਲਹਿਰਾਉਂਦੇ ਵੇਖ ਸਕਦੇ ਹਾਂ। ਹਰ ਸਾਲ 15 ਅਗਸਤ ਨੂੰ ਲਾਲ ਕਿਲ੍ਹੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਕੌਮੀ ਝੰਡਾ ਲਹਿਰਾਉਂਦੇ ਹਨ। ਇਸ ਸਮੇਂ ਦਿੱਲੀ ਦੇ ਸਾਰੇ ਸਕੂਲਾਂ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਪ੍ਰੋਗ੍ਰਾਮ ਵਿਚ ਹਿੱਸਾ ਲੈਂਦੀਆਂ ਹਨ।

ਨਵੀਂ ਦਿੱਲੀ ਵਿਚ ਅਕਾਸ਼ ਨਾਲ ਗੱਲਾਂ ਕਰਨ ਵਾਲੀਆਂ ਇਮਾਰਤਾਂ ਬਣ ਗਈਆਂ ਹਨ। ਕਨਾਟ ਪਲੇਸ, ਨਵੇਂ ਢੰਗ ਦਾ ਇਕ ਬਹੁਤ ਵੱਡਾ ਗੋਲ ਬਜ਼ਾਰ ਹੈ, ਇਥੇ ਸੈਂਕੜੇ ਦਫ਼ਤਰ ਵੀ ਹਨ। ਵਿਚਕਾਰ ਕਰਕੇ ਇਕ ਬਹੁਤ ਵੱਡਾ ਫੁਹਾਰਾ ਨਜ਼ਰ ਆਂਦਾ ਹੈ ਜਿਸ ਨੂੰ ਵੇਖਣ ਲਈ ਲੋਕੀਂ ਦੂਰੋਂ ਦੂਰੋਂ ਆਉਂਦੇ ਹਨ। ਰਾਤ ਨੂੰ ਜਦ ਫੁਹਾਰਾ ਚਲਦਾ ਹੈ, ਤਾਂ ਉਸ ਦੇ ਪਾਣੀ ਤੇ ਕਈ ਰੰਗਾਂ ਦੀਆਂ



ਚਿੱਤਰ ਨੰ: 4—ਵਿਗਿਆਨ ਭਵਨ

ਛੁਲੋਟਾ ਮੁਟ ਕੇ ਬੜਾ ਸੁੰਦਰ ਰੰਗ ਬਣ ਜਾਂਦਾ ਹੈ। ਸੈਂਕੜੇ ਬੱਚੇ ਆਪਣੇ ਮਾਪਿਆਂ ਸਮੇਤ ਇਸ ਫੁਹਾਰੇ ਦਾ ਨਜ਼ਾਰਾ ਵੇਖਣ ਆਉਂਦੇ ਹਨ। ਬਹੁਤ ਸਾਰੇ ਪਰਿਵਾਰ ਸਾਹਮਣੇ ਦੇ ਪਾਰਕ ਵਿਚ ਬੈਠੇ ਘਰੋਂ ਲਿਆਂਦਾ ਖਾਣਾ ਖਾਂਦੇ ਹਨ। ਐਤਵਾਰ ਨੂੰ ਇਥੇ ਬੜੀ ਰੌਣਕ ਹੁੰਦੀ ਹੈ ਤੇ ਬਹੁਤ ਸਾਰੇ ਲੋਕੀਂ ਇਥੇ ਆ ਕੇ ਪਿਕਨਿਕ ਮਨਾਂਦੇ ਹਨ।

ਕਾਂਡ ਛੇਵਾਂ

# ਦਿੱਲੀ ਦੇ ਇਤਿਹਾਸਕ ਅਸਥਾਨ

ਪਿਛਲੇ ਪੰਨਿਆਂ ਵਿਚ ਅਸੀਂ ਦਿੱਲੀ ਦਾ ਇਤਿਹਾਸਕ ਪਿਛੋਕੜ ਦਸ ਆਏ ਹਾਂ ਤਾਂ ਜੋ ਵਿਦਿਆਰਥੀਆਂ ਨੂੰ ਦਿੱਲੀ ਬਾਰੇ ਪੂਰੀ ਵਾਕਫੀ ਹੋ ਜਾਵੇ । ਇਹ ਉਹੀ ਇਤਿਹਾਸਕ ਦਿੱਲੀ ਹੈ ਜੋ ਕਈ ਵਾਰ ਵਸੀ ਤੇ ਕਈ ਵਾਰ ਉਜੜੀ। ਇਸ ਤੇ ਕਈ ਸਦੀਆਂ ਮੁਗਲਾਂ ਦਾ ਝੰਡਾ ਝੂਲਦਾ ਰਿਹਾ ਤੇ ਮਗਰੋਂ ਅੰਗ੍ਰੇਜ਼ਾਂ ਦਾ ਯੂਨੀਅਨ ਜੈਕ । ਇਸੇ ਦਿੱਲੀ ਤੇ ਸੰਨ 1947 ਤੋਂ ਸਾਡਾ ਕੌਮੀ ਝੰਡਾ ਝੂਲ ਰਿਹਾ ਹੈ। ਇਸੇ ਦਿੱਲੀ ਦੀ ਅੱਜ ਅਸੀਂ ਯਾਤਰਾ ਆਰੰਭ ਕਰਦੇ ਹਾਂ । ਦਿੱਲੀ ਪਹੁੰਚਣ ਲਈ ਅਸੀਂ ਪੰਜਾਬ, ਹਰਿਆਣੇ ਜਾਂ ਹਿਮਾਚਲ ਪ੍ਰਦੇਸ਼ ਤੋਂ ਜਾਂ ਦੂਜੇ ਗਵਾਂਢੀ ਸੂਬਿਆਂ ਤੋਂ ਦਾਖਲ ਹੋਣ ਸਮੇਂ ਬਸ ਜਾਂ ਰੇਲ ਰਾਹੀਂ ਪਹੁੰਚਦੇ ਹਾਂ ।

ਅਸੀਂ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਤੋਂ ਉਤਰ ਕੇ ਸਭ ਤੋਂ ਪਹਿਲਾਂ ਲਾਲ ਕਿਲ੍ਹਾ ਵੇਖਣਾ ਚਾਹਵਾਂਗੇ। ਲਾਲ ਕਿਲ੍ਹਾ ਸਟੇਸ਼ਨ ਤੋਂ ਇਕ ਮੀਲ ਦੀ ਦੂਰੀ ਤੇ ਹੈ। ਅਸੀਂ ਟੈਕਸੀ ਜਾਂ ਸਕੂਟਰ ਰਿਕਸ਼ਾ ਕਰਕੇ ਚਾਂਦਨੀ ਚੌਂਕ ਰਾਹੀਂ ਲਾਲ ਕਿਲ੍ਹੇ ਜਾ ਪੁਜਦੇ ਹਾਂ। ਲਾਲ ਕਿਲ੍ਹਾ ਮੁਗਲ ਬਾਦਸ਼ਾਹ ਸ਼ਾਹ ਜਹਾਨ ਨੇ ਬਣਵਾਇਆ ਸੀ। ਉਹ ਬੜੀਆਂ ਸ਼ਾਨਦਾਰ ਇਮਾਰਤਾਂ ਤੇ ਬਾਗਾਂ ਦਾ ਪ੍ਰੇਮੀ ਸੀ । ਲੋਕੀ ਲਾਲ ਕਿਲ੍ਹਾ ਵੇਖਣ ਲਈ ਦੂਰ ਦੁਰਾਡੇ ਦੇਸ਼ਾਂ ਤੋਂ ਵੀ ਦਿੱਲੀ ਆਉਂਦੇ ਹਨ। ਉਨ੍ਹਾਂ ਦੀਆਂ ਟੂਰਿਸਟ ਬੱਸਾਂ ਵੀ ਕਿਲ੍ਹੇ ਦੇ ਸਾਹਮਣੇ ਮੈਦਾਨ ਵਿਚ ਖੜੀਆਂ ਨਜ਼ਰ ਆਉਂਦੀਆਂ ਹਨ ।

ਵੇਖੋ ਸਾਹਮਣੇ ਕੌਮੀ ਝੰਡਾ ਫਰਾਟੇ ਮਾਰ ਰਿਹਾ ਹੈ। ਕਿਲ੍ਹਾ ਵੇਖਣ ਲਈ ਅਸੀਂ ਟਿਕਟ ਲੈ ਕੇ ਲਾਹੌਰੀ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੁੰਦੇ ਹਾਂ । ਗੇਟ ਚੋਂ ਲੰਘ ਕੇ ਅਗੇ ਇਕ ਬਜ਼ਾਰ ਨਜ਼ਰ ਆਉਂਦਾ ਹੈ। ਇਸ ਬਜ਼ਾਰ ਵਿਚ ਕਈ ਕਿਸਮ ਦੀਆਂ ਸਾਡੇ ਦੇਸ਼ ਦੀਆਂ ਸੁਗਾਤਾਂ ਵਿਕਦੀਆਂ ਹਨ । ਸਾਹਮਣੇ ਸੰਗਮਰਮਰ ਦਾ ਬਣਿਆ ਕਿੰਨਾ ਸੁੰਦਰ ਤਾਜ ਮਹੱਲ ਹੈ । ਕਈ ਕਿਸਮ ਦੀਆਂ ਪੁਰਾਣੀਆਂ ਤੇ ਨਵੀਂਆਂ ਤਸਵੀਰਾਂ, ਪੁਰਾਤਨ ਬਰਤਨ, ਬੱਚਿਆਂ ਲਈ ਤੋਹਫੇ, ਦੰਦ ਖੰਡ ਦਾ ਸਾਮਾਨ, ਚੂੜੀਆਂ, ਹਾਰ ਆਦਿ ਸਭ ਕੁਝ ਇਥੋਂ ਪ੍ਰਾਪਤ ਹੁੰਦਾ ਹੈ।



ਚਿੱਤਰ ਨੰ: 5—ਲਾਲ ਕਿਲ੍ਹਾ

ਇਸ ਤੋਂ ਅਗੇ ਸਾਹਮਣੇ ਇਕ ਗੇਟ ਆਉਂਦਾ ਹੈ । ਉਥੇ ਟਿਕਟ ਚੈਕ ਕੀਤੇ ਜਾਂਦੇ ਹਨ । ਅਸੀਂ ਉਸ ਦੇ ਅੰਦਰ ਦਾਖਲ ਹੁੰਦੇ ਹਾਂ, ਆਉ, ਅੰਦਰ ਚਲੀਏ, ਇਥੇ ਮੁਗ਼ਲ ਸਮੇਂ ਦੇ ਹਥਿਆਰ, ਤਸਵੀਰਾਂ, ਸ਼ਾਹੀ ਫ਼ੁਰਮਾਨ, ਸ਼ਾਹੀ ਪੁਸ਼ਾਕਾਂ, ਪੁਰਾਣੇ ਸਿਕੇ ਆਦਿ ਸਭ ਕੁਝ ਵੇਖਣ ਨੂੰ ਮਿਲੇਗਾ, ਸਭ ਤੋਂ ਪਹਿਲਾਂ ਦੀਵਾਨੇ ਆਮ ਆਏਗਾ । ਇਥੇ ਬਾਦਸ਼ਾਹ ਸ਼ਾਹਜਹਾਨ ਆਪਣਾ ਖੁਲ੍ਹਾ ਦਰਬਾਰ ਲਗਾਇਆ ਕਰਦਾ ਸੀ ਤੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦਾ ਨਿਪਟਾਰਾ ਕਰਦਾ ਸੀ ।

ਇਸ ਤੋਂ ਅਗੇ ਦੀਵਾਨੇ-ਖਾਸ ਹੈ । ਇਥੇ ਵੀ ਦਰਬਾਰ ਲਗਦਾ ਸੀ ਪਰ ਇਸ ਵਿਚ ਬਾਹਰੋਂ ਆਏ ਮਹਿਮਾਨ ਜਾਂ ਵਜ਼ੀਰ ਅਮੀਰ ਹੀ ਸ਼ਾਮਲ ਹੁੰਦੇ ਸਨ । ਦੀਵਾਨੇ ਖਾਸ ਦੀ ਬਹੁਤ ਸੁੰਦਰ ਇਮਾਰਤ ਹੈ । ਇਸ ਦੀਆਂ ਦੀਵਾਰਾਂ ਤੇ ਛਤਾਂ ਉਤੇ ਹੀਰੇ ਜਵਾਹਰਾਤ ਜੜ੍ਹੇ ਹੋਏ ਸਨ । ਸਾਹਮਣੇ ਮੋਰ ਦੀ ਸ਼ਕਲ ਦਾ ਤਖਤੇ ਤਾਊਸ (ਸਿੰਘਾਸਨ) ਹੈ ਜਿਸ ਤੇ ਸ਼ਾਹਜਹਾਨ ਦਰਬਾਰ ਸਮੇਂ ਬੈਠਿਆ ਕਰਦਾ ਸੀ ।

ਦੀਵਾਨੇ ਆਮ ਦੇ ਨਾਲ ਹੀ ਅਸੀਂ ਰੰਗ ਮਹੱਲ ਵੇਖਾਂਗੇ । ਇਹ ਬਹੁਤ ਵੱਡਾ ਮਹੱਲ ਹੈ । ਪਹਿਲਾਂ ਇਸ ਦੇ ਸਾਹਮਣੇ ਬਹੁਤ ਵਡਾ ਬਾਗ ਸੀ । ਕਿਲ੍ਹੇ ਵਿਚ ਕਈ ਛੋਟੇ ਛੋਟੇ ਤਲਾਬ ਤੇ ਨਹਿਰਾਂ ਸਨ । ਇਨ੍ਹਾਂ ਵਿਚੋਂ ਵਹਿੰਦਾ ਪਾਣੀ ਰੰਗ ਮਹੱਲ ਵਿਚ ਆਇਆ ਕਰਦਾ ਸੀ । ਅੰਦਰ ਹੀ ਰਾਣੀਆਂ ਤੇ ਉਨ੍ਹਾਂ ਦੀਆਂ ਗੋਲੀਆਂ ਦੀ ਰਿਹਾਇਸ਼ ਸੀ । ਰਸਤੇ ਵਿਚ ਸਾਡਾ ਗਾਈਡ ਕਹਿਣ ਲਗਾ :

ਬਚਿਉ, ਕਿਸੇ ਸਮੇਂ ਇਸ ਕਿਲ੍ਹੇ ਵਿਚ ਸ਼ਾਹੀ ਖਜ਼ਾਨਾ, ਅਸਲ੍ਹਾ-ਖਾਨਾ, ਸ਼ਾਹੀ ਹਮਾਮ, ਕਾਰਖਾਨੇ ਜਿਨ੍ਹਾਂ ਰਾਹੀਂ ਆਮ ਲੋਕਾਂ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਲੋੜੀਂਦੀਆਂ ਵਸਤਾਂ ਤਿਆਰ ਹੁੰਦੀਆਂ ਸਨ ਤੇ ਨਾਲ ਹੀ ਲੜਾਈ ਲਈ ਹਥਿਆਰ ਤਿਆਰ ਹੁੰਦੇ ਸਨ ਮੌਜੂਦ ਸਨ । ਸ਼ਾਹਜਹਾਨਾਬਾਦ ਇਕ ਵਡਾ ਸ਼ਹਿਰ ਸੀ, ਪਰ ਲਾਲ ਕਿਲ੍ਹੇ ਵਿਚਲੀ ਵਸੋਂ ਇਸ ਸ਼ਹਿਰ ਵਿਚ ਇਕ ਹੋਰ ਖੂਬਸੂਰਤ ਵਸਿਆ ਸ਼ਹਿਰ ਸੀ ।

ਲਾਲ ਕਿਲ੍ਹੇ ਵਿਚ ਦਾਖਲ ਹੋਣ ਲਈ ਬਹੁਤ ਉੱਚਾ ਤੇ ਵਡਾ ਦਰਵਾਜ਼ਾ ਲਾਹੌਰੀ ਗੇਟ ਦੇ ਨਾਂ ਨਾਲ ਪ੍ਰਸਿੱਧ ਹੈ ਜੋ ਚਾਂਦਨੀ ਚੌਂਕ ਦੇ ਨੇੜੇ ਕਰਕੇ ਹੈ । ਦਿੱਲੀ ਗੇਟ ਪੁਰਾਣੀ ਦਿੱਲੀ ਵਲੋਂ ਆਉਂਦਿਆਂ ਸਾਹਮਣੇ ਪੈਂਦਾ ਹੈ । ਮੁਗ਼ਲਾਂ ਦੀ ਹਕੂਮਤ ਸਮੇਂ ਖਾਈ ਪਾਸ ਬਹੁਤ ਵਡੇ ਤੇ ਖੂਬਸੂਰਤ ਬਾਗ ਸਨ ਜੋ ਰੰਗ ਬਰੰਗੇ ਫੁਲਾਂ ਨਾਲ ਲਹਿਲਹਾਂਦੇ ਸਨ । ਇਹ ਸਭ ਕੁਝ ਅੰਗਰੇਜ਼ਾਂ ਦੀ ਆਮਦ ਨਾਲ ਬਰਬਾਦ ਹੋ ਗਿਆ । ਇਥੇ ਨੇੜੇ ਹੀ ਇਕ ਖੁਲ੍ਹਾ ਮੈਦਾਨ ਸੀ ਜਿਥੇ ਘੋੜਿਆਂ ਦੀ ਮਾਲਸ਼ ਕੀਤੀ ਜਾਂਦੀ ਸੀ ਤੇ ਉਨ੍ਹਾਂ ਨੂੰ ਰੋਜ਼ਾਨਾ ਦੌੜਾਇਆ ਜਾਂਦਾ ਸੀ । ਇਥੇ ਹੀ ਭਾਰਤ ਦੇ ਉਨ੍ਹਾਂ ਰਾਜਿਆਂ ਦੇ ਤੰਬੂ ਗੱਡੇ ਜਾਂਦੇ ਸਨ, ਜੋ ਹਫਤਾਵਾਰੀ ਕਿਲ੍ਹੇ ਦੀ ਹਿਫਾਜ਼ਤ ਲਈ ਡਿਊਟੀ ਦੇਂਦੇ ਸਨ । ਦਰਿਆ ਦੇ ਨੇੜੇ ਇਕ ਵਡਾ ਮੈਦਾਨ ਹਾਥੀਆਂ ਦੀ ਲੜਾਈ ਲਈ ਰਾਖਵਾਂ ਸੀ । ਇਹ ਲੜਾਈ ਬਾਦਸ਼ਾਹ ਤੇ ਉਸ ਦੀਆਂ ਬੇਗਮਾਂ ਆਪਣੇ ਮਹੱਲ ਚੋਂ ਬੈਠਿਆਂ ਵੇਖ ਸਕਦੀਆਂ ਸਨ । ਇਥੇ ਹੀ ਇਕ ਭਿਆਨਕ ਹਾਥੀ ਗੇਟ ਇਨ ਭਾਰਤ ਦੀਆਂ ਰਿਆਸਤਾਂ ਦੇ ਰਾਜਿਆਂ, ਜਾਗੀਰਦਾਰਾਂ ਦੇ

ਨਵਾਬਾਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਬੰਨ੍ਹਿਆ ਰਹਿੰਦਾ ਸੀ, ਤਾਂ ਜੋ ਕਿਸੇ ਵਿਚ ਬਾਦਸ਼ਾਹ ਸਲਾਮਤ ਵਿਰੁਧ ਬਗਾਵਤ ਕਰਨ ਦੀ ਜੁਰਅਤ ਹੀ ਨਾ ਪੈਦਾ ਹੋ ਸਕੇ।

**ਨੌਬਤ ਖਾਨਾ :**

ਲਾਲ ਕਿਲ੍ਹੇ ਦੇ ਅੰਦਰ ਹੀ ਨੌਬਤਖਾਨਾ ਜਾਂ ਨਕਾਰਖਾਨਾ ਹੈ ਜੋ ਸ਼ਾਹੀ ਮਹੱਲ ਦੇ ਬਿਲਕੁਲ ਨਾਲ ਕਰਕੇ ਹੈ। ਇਸ ਦੇ ਨਾਲ ਦੀਆਂ ਬਹੁਤ ਸਾਰੀਆਂ ਇਮਾਰਤਾਂ ਸੰਨ 1857 ਵਿਚ ਭਾਰਤ ਦੀ ਅੰਗਰੇਜ਼ਾਂ ਵਿਰੁਧ ਪਹਿਲੀ ਲੜਾਈ ਸਮੇਂ ਅੰਗਰੇਜ਼ ਹਮਲਾਆਵਰਾਂ ਨੇ ਤਬਾਹ ਕਰ ਦਿਤੀਆਂ ਸਨ। ਦਿਨ ਵਿਚ ਪੰਜ ਵਾਰੀ ਸ਼ਾਹੀ ਦਰਬਾਰੀ ਗਵੱਈਏ, ਇਸ ਵੱਡੇ ਹਾਲ ਵਿਚ ਬਾਦਸ਼ਾਹ, ਬੇਗਮਾਂ, ਰਾਜਿਆਂ ਤੇ ਅਮੀਰਾਂ ਵਜ਼ੀਰਾਂ ਨੂੰ ਨਿਹਾਲ ਕਰਿਆ ਕਰਦੇ ਸਨ। ਹਰ ਐਤਵਾਰ ਨੂੰ ਸਾਰਾ ਸਾਰਾ ਦਿਨ ਗਾਣ-ਵਜਾਣ ਦਾ ਕਾਰਜ ਜਾਰੀ ਰਹਿੰਦਾ ਸੀ। ਸ਼ਾਹਜਹਾਨ ਦੇ ਜਨਮ ਦਿਵਸ ਹਰ ਹਫ਼ਤੇ ਬੜੀ ਸ਼ਾਨ ਸ਼ੌਕਤ ਨਾਲ ਮਨਾਇਆ ਜਾਂਦਾ ਸੀ। ਵੇਖੋ ਇਸ ਹਾਲ ਦੀਆਂ ਦੀਵਾਰਾਂ ਤੇ ਕਿੰਨਾ ਸੋਹਣਾ ਕੰਮ ਕੀਤਾ ਹੋਇਆ ਹੈ, ਜੋ ਹੁਣ ਵੀ ਨਜ਼ਰ ਆਉਂਦਾ ਹੈ।

ਬੱਚਿਓ, ਤੁਸੀਂ ਆਪਣੀ ਇਤਿਹਾਸ ਦੀ ਪੁਸਤਕ ਦੇ ਮੁਗਲ ਕਾਲ ਵਿਚ ਪੜ੍ਹਿਆ ਹੋਵੇਗਾ ਕਿ ਮੁਗਲ ਬਾਦਸ਼ਾਹ ਜਹਾਂਦਾਰ ਖਾਂ ਸੰਨ 1712-13 ਵਿਚ ਅਤੇ ਫਰਖਸ਼ੀਅਰ ਸੰਨ 1713-19 ਵਿਚ ਕਤਲ ਕਰ ਦਿਤਾ ਗਿਆ ਸੀ। ਇਨ੍ਹਾਂ ਦੋਹਾਂ ਨੂੰ ਇਸੇ ਇਤਿਹਾਸਿਕ ਹਾਲ ਵਿਚ ਕਤਲ ਕੀਤਾ ਗਿਆ ਸੀ। ਨੌਬਤ ਖਾਨੇ ਤੋਂ ਨਿਕਲ ਕੇ ਅਸੀਂ ਇਕ ਹੋਰ ਵੱਡੇ ਹਾਲ ਵਿਚ ਪਹੁੰਚਦੇ ਹਾਂ। ਇਸ ਹਾਲ ਦੀ ਲੰਬਾਈ 550 ਫੁੱਟ ਤੇ ਚੌੜਾਈ 300 ਫੁੱਟ ਹੈ। ਇਹ ਦਰਬਾਰ ਹਾਲ ਹੈ। ਇਸ ਦੇ ਨਾਲ ਹੀ ਕਈ ਕਮਰੇ ਸਨ ਜੋ ਉਨ੍ਹਾਂ ਰਾਜਿਆਂ ਤੇ ਨਵਾਬਾਂ ਲਈ ਬਣੇ ਹੋਏ ਸਨ ਜੋ ਆਪਣੀ ਵਾਰੀ ਸਿਰ ਮੁਗਲ ਬਾਦਸ਼ਾਹ ਦੀ ਹਾਜ਼ਰੀ ਭਰਿਆ ਕਰਦੇ ਸਨ। ਇਹ ਕਮਰੇ ਵੀ ਸੰਨ 1857 ਦੀ ਲੜਾਈ ਵਿਚ ਅੰਗਰੇਜ਼ਾਂ ਦੀਆਂ ਤੋਪਾਂ ਨਾਲ ਢਹਿ ਢੇਰੀ ਹੋ ਗਏ ਸਨ।

ਇਸੇ ਦਰਬਾਰ ਹਾਲ ਦੇ ਨਾਲ ਕਰਕੇ ਸ਼ਾਹੀ ਲੰਗਰ ਸੀ।

**ਦੀਵਾਨੇ ਆਮ :**

ਇਸ ਅਤਿ ਸੁੰਦਰ ਹਾਲ ਦੀਆਂ ਦੀਵਾਰਾਂ ਤੇ ਛੱਤ ਉੱਤੇ ਕੀਤੀ ਖੂਬਸੂਰਤ ਮੀਨਾਕਾਰੀ ਦੀ ਹੁਣ ਉਹ ਸ਼ਾਨ ਨਹੀਂ ਰਹੀ, ਜੋ ਮੁਗਲ ਸਮੇਂ ਸੀ। ਫਿਰ ਵੀ ਇਸ ਨੂੰ ਵੇਖ ਕੇ ਉਸ ਸਮੇਂ ਦੇ ਕਾਰੀ-ਗਰਾਂ ਤੇ ਹੁਨਰਮੰਦਾਂ ਦੇ ਹੱਥਾਂ ਨੂੰ ਚੁੰਮਣ ਤੇ ਜੀਅ ਕਰਦਾ ਹੈ। ਇਸ ਹਾਲ ਵਿਚ ਹੀ ਬਾਦਸ਼ਾਹ ਦਾ ਸ਼ਾਹੀ ਤਖ਼ਤ (ਨਿਸ਼ਾਮਾਨ-ਏ-ਜ਼ਿਲ-ਏ-ਇਲਾਹੀ ਭਾਵ ਪ੍ਰਭੂ ਦੇ ਪਰਛਾਵੇਂ ਦਾ ਅਸਥਾਨ ਮੌਜੂਦ ਹੈ। ਇਥੇ ਹੀ ਬਾਦਸ਼ਾਹ ਆਮ ਜਨਤਾ ਨੂੰ ਦਰਸ਼ਨ ਦੇਂਦਾ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਿਆ ਕਰਦਾ ਸੀ। ਹੇਠਾਂ ਕਰਕੇ ਵਜ਼ੀਰ ਖਲੋਤਾ ਰਹਿੰਦਾ, ਜੋ ਬਾਦਸ਼ਾਹ ਦੇ ਸ਼ਾਹੀ ਫੁਰਮਾਨਾਂ ਤੇ ਹੁਕਮਾਂ ਨੂੰ ਸਿਰ ਝੁਕਾ ਕੇ ਪਰਵਾਨ ਕਰਦਾ ਤੇ ਲੋਕਾਂ ਦੀਆਂ ਲਿਖਤੀ ਸ਼ਿਕਾਇਤਾਂ ਬਾਦਸ਼ਾਹ ਦੀ ਸੇਵਾ ਵਿਚ ਪੇਸ਼ ਕਰਦਾ ਸੀ। ਸ਼ਾਹੀ ਤਖ਼ਤ ਦੇ ਦੋਹੀਂ ਪਾਸੀਂ ਰਾਜੇ, ਵਜ਼ੀਰ ਅਮੀਰ ਹਥ ਬੰਨ੍ਹੀ ਤੇ ਸਿਰ ਝੁਕਾਈ ਉਦੋਂ ਤੀਕ ਚੁਪ ਚਾਪ ਖਲੋਤੇ ਰਹਿੰਦੇ ਸਨ, ਜਦ ਤੀਕ ਦਰਬਾਰ ਦੀ ਸਮਾਪਤੀ ਨਹੀਂ ਸੀ ਹੋ ਜਾਂਦੀ।

ਕਿਸੇ ਸਮੇਂ ਵਡੇ ਹਾਲ ਦੇ ਪਿਛੇ ਕਰਕੇ ਕਈ ਖੂਬਸੂਰਤ ਫੁਲਾਂ ਤੇ ਰੰਗਾਂ ਰੰਗ ਫੁਲਾਂ ਨਾਲ ਲਹਿਲਹਾਂਦੇ ਬਾਗ ਤੇ ਸੰਗਮਰਮਰੀ ਅਤਿ-ਸੁੰਦਰ ਮਹੱਲ ਖੜੋਤੇ ਸਨ। ਪਰ ਇਨ੍ਹਾਂ ਸੁੰਦਰ ਇਮਾਰਤਾਂ ਦੇ ਬਹੁਤ ਸਾਰਾ ਹਿੱਸਾ ਸੰਨ 1857 ਦੀ ਲੜਾਈ ਵਿਚ ਤਬਾਹ ਹੋ ਗਿਆ ਸੀ।

## ਮੁਮਤਾਜ਼ ਮਹੱਲ :

ਇਹ ਸਾਹਮਣੇ ਖੜੋਤਾ ਮਹੱਲ ਵੀ ਕਿਸੇ ਸਮੇਂ ਸ਼ਾਹੀ ਮਹੱਲ ਦਾ ਹਿੱਸਾ ਸੀ। ਹੁਣ ਇਥੇ ਮੁਗਲ ਕਾਲ ਦੀਆਂ ਯਾਦਗਾਰੀ ਵਸਤਾਂ ਵੇਖਣ ਨੂੰ ਮਿਲਦੀਆਂ ਹਨ।

## ਰੰਗ ਮਹੱਲ :

ਲਾਲ ਕਿਲ੍ਹੇ ਦੇ ਇਸ ਹਿਸੇ ਵਿਚ ਸਾਹਮਣੇ ਇਕ ਬਹੁਤ ਵਡਾ ਹਾਲ ਤੇ ਕੁਝ ਕਮਰੇ ਹਨ। ਹਾਲ ਦੀਆਂ ਦੀਵਾਰਾਂ ਤੇ ਛੱਤ ਉਤੇ ਕਿੰਨੀ ਸੁੰਦਰ ਮੀਨਾਕਾਰੀ ਹੋਈ ਹੈ। ਵੇਖੋ ਸਾਡੇ ਗਾਈਡ ਨੇ ਡਬੀ ਦੀ ਤੀਲੀ ਜਲਾਈ ਏ, ਛਤ ਦੀਆਂ ਸਭ ਸ਼ੀਸ਼ੇ ਦੀਆਂ ਗੋਲ ਟੁਕੜੀਆਂ ਵਿਚ ਕਈ ਬਤੀਆਂ ਜਗ ਉਠਦੀਆਂ ਵਿਖਾਈ ਦਿੰਦੀਆਂ ਹਨ। ਇਸ ਹਾਲ ਵਿਚ ਖੜੋ ਕੇ ਇਸ ਦੀ ਛਤ ਤੇ ਦੀਵਾਰਾਂ ਦੀ ਸੁੰਦਰ ਕਾਰੀਗਰੀ ਨੂੰ ਵੇਖ ਕੇ ਮਨੁੱਖ ਦੇ ਮੂਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ, ''ਸਚਮੁਚ ਧਰਤੀ ਤੇ ਖਲੋਤਾ ਇਹੀ ਤਾਂ ਸਵਰਗ ਹੈ।''

ਹਾਲ ਦੇ ਵਿਚ ਕਰਕੇ ਇਕ ਛੋਟੀ ਜਿਹੀ ਨਹਿਰ ਹੈ, ਇਸ ਵਿਚ ਮੁਗਲਾਂ ਸਮੇਂ ਬੜਾ ਸਾਫ਼ ਸੁਥਰਾ ਪਾਣੀ ਲਹਿਰਾਂ ਮਾਰਦਾ ਹੋਵੇਗਾ। ਇਸ ਨਹਿਰ ਨੂੰ ਨਹਿਰੇ-ਬਹਿਸ਼ਤ (ਸਵਰਗ ਪੁਰੀ ਦੀ ਨਹਿਰ) ਕਿਹਾ ਜਾਂਦਾ ਸੀ। ਲਾਲ ਕਿਲ੍ਹੇ ਦੇ ਇਸ ਰੰਗ ਮਹੱਲ ਨੂੰ ਵੇਖ ਕੇ ਕਿਸੇ ਪਰੀ ਮਹੱਲ ਦੀ ਯਾਦ ਆ ਜਾਂਦੀ ਹੈ ਜਿਸ ਦਾ ਜ਼ਿਕਰ ਤੁਸੀਂ ਪਰੀ ਕਹਾਣੀਆਂ ਵਿਚ ਪੜ੍ਹਿਆ ਹੋਵੇਗਾ।

## ਖਾਸ ਮਹੱਲ :

ਹੁਣ ਅਸੀਂ ਬਾਦਸ਼ਾਹ ਸ਼ਾਹਜਹਾਨ ਦੇ ਨਿਜੀ ਮਹੱਲ ਭਾਵ ਖਾਸ ਮਹੱਲ ਵਿਚ ਪੁਜਦੇ ਹਾਂ। ਇਸ ਮਹੱਲ ਦੇ ਤਿੰਨ ਹਿੱਸੇ ਹਨ। ਦੀਵਾਨੇ ਖਾਸ ਦੇ ਸਾਹਮਣੇ ਵਾਲੇ ਤਿੰਨ ਸੁੰਦਰ ਸ਼ਾਹੀ ਕਮਰਿਆਂ ਦੇ ਇਕ ਸੈਟ ਨੂੰ ''ਤਸਬੀ ਖਾਨਾ'' ਕਿਹਾ ਜਾਂਦਾ ਸੀ, ਜਿਥੇ ਬੈਠ ਕੇ ਬਾਦਸ਼ਾਹ ਨਿਮਾਜ਼ ਪੜ੍ਹਿਆ ਕਰਦਾ ਸੀ ਤੇ ਕੁਝ ਸਮਾਂ ਖੁਦਾ ਦੀ ਯਾਦ ਵਿਚ ਗੁਜ਼ਾਰਿਆ ਕਰਦਾ ਸੀ। ਇਸ ਹਿਸੇ ਦੇ ਪਿਛਲੇ ਪਾਸੇ ਤਿੰਨ ਕਮਰਿਆਂ ਵਾਲੀ ਖੁਆਬ ਗਾਹ ਸੀ ਜਿਥੇ ਬਾਦਸ਼ਾਹ ਸੌਂਦਾ ਤੇ ਆਰਾਮ ਕਰਦਾ ਸੀ। ਇਸ ਦੇ ਨਾਲ ਹੀ ਤੋਸ਼ਾਖਾਨਾ (ਕਪੜੇ ਬਦਲਣ ਲਈ ਬੈਠਣ ਉਠਣ ਦੀ ਥਾਂ) ਹੈ। ਇਸ ਹਿਸੇ ਨੂੰ ਇੰਨੇ ਸੁੰਦਰ ਤੇ ਕਈ ਰੰਗਾਂ ਦੇ ਸੰਗਮਰਮਰ ਅਤੇ ਮੀਨਾਕਾਰੀ ਨਾਲ ਬਣਾਇਆ ਗਿਆ ਸੀ ਕਿ ਵੇਖਣ ਵਾਲਾ ਵੇਖ ਕੇ ਦੰਗ ਰਹਿ ਜਾਂਦਾ ਸੀ। ਬਾਲਕੋ ! ਅਜ ਖਾਸ ਮਹੱਲ ਦੀ ਉਹ ਸ਼ਾਨ ਤਾਂ ਨਹੀਂ ਰਹੀ, ਪਰ ਲਾਲ ਕਿਲ੍ਹੇ ਨੂੰ ਵੇਖਣ ਵਾਲਾ ਹਰ ਯਾਤਰੀ ਇਕ ਸੁੰਦਰ ਸੁਪਨੇ ਵਿਚ ਜ਼ਰੂਰ ਗਵਾਚ ਹੋ ਜਾਂਦਾ ਹੈ। ਮੁਗਲ ਕਾਲ ਸਮੇਂ ਇਸ ਮਹੱਲ ਤੇ ਕਿੰਨਾ ਜੋਬਨ ਹੋਵੇਗਾ। ਨਹਿਰੇ ਬਹਿਸ਼ਤ ਤਾਂ ਮੁਗਲ ਕਾਲ ਦਾ ਬਹੁਤ ਵਧੀਆ ਨਮੂਨਾ ਹੈ। ਜਿਸ ਪਲੰਘ ਤੇ ਬਾਦਸ਼ਾਹ ਸੌਂਦਾ ਸੀ, ਉਸ ਦੇ ਸਾਹਮਣੇ ਵਾਲੀ ਦੀਵਾਰ ਤੇ ਇਕ ਇਨਸਾਫ ਦੀ ਤਕੜੀ ਲਟਕਦੀ ਰਹਿੰਦੀ ਸੀ, ਜਿਸ ਨੂੰ ''ਮੀਜ਼ਾਨੇ ਅਦਲ''

ਕਿਹਾ ਜਾਂਦਾ ਸੀ। ਬਾਦਸ਼ਾਹ ਨੂੰ ਜਾਗਦਿਆਂ ਸਾਰ ਇਨਸਾਫ਼ ਦੀ ਤਕੜੀ ਨਜ਼ਰ ਪੈਂਦੀ ਸੀ ਜਿਸ ਤੋਂ ਪ੍ਰੇਰਨਾ ਲੈ ਕੇ ਉਹ ਰਬ ਅਗੇ ਅਰਦਾਸ ਕਰਦਾ ਸੀ ਕਿ "ਹੇ ਖ਼ੁਦਾ ਮੈਨੂੰ ਇਹ ਤਾਕਤ ਬਖ਼ਸ਼ ਕਿ ਮੈਂ ਇਨਸਾਫ਼ ਕਰਨ ਵੇਲੇ ਆਪਣੇ ਸ਼ਹਿਜ਼ਾਦਿਆਂ ਤੇ ਆਮ ਜਨਤਾ ਵਿਚ ਕੋਈ ਵਿਤਕਰਾ ਨਾ ਕਰਾਂ।" ਕਿਡਾ ਸੋਹਣਾ ਨਮੂਨਾ ਸੀ ਪਰਜਾ ਨੂੰ ਇਨਸਾਫ਼ ਦੇਣ ਦਾ।

**ਸੁਮਨ ਬੁਰਜ :**

ਇਸ ਬੁਰਜ ਤੇ ਖੜੇ ਕੇ ਰੋਜ਼ਾਨਾ ਬਾਦਸ਼ਾਹ ਪਰਜਾ ਨੂੰ ਦਰਸ਼ਨ ਦਿੰਦਾ ਸੀ। ਜੇ ਕਿਸੇ ਦਿਨ ਬਾਦਸ਼ਾਹ ਇਥੇ ਖੜੇ ਕੇ ਦਰਸ਼ਨ ਨਾ ਦੇਂਦਾ ਤਾ ਲੋਕਾਂ ਵਿਚ ਘਬਰਾਹਟ ਪੈਦਾ ਹੋ ਜਾਂਦੀ, ਕਿ ਰਬ ਨਾ ਕਰੇ, ਬਾਦਸ਼ਾਹ ਦੇ ਦੁਸ਼ਮਨਾਂ ਨੂੰ ਕੁਝ ਹੋ ਤਾਂ ਨਹੀਂ ਗਿਆ। ਕਿਧਰੇ ਉਹ ਬਿਮਾਰ ਹੀ ਤਾਂ ਨਹੀਂ ਹੋ ਗਿਆ ਜਾਂ ਉਸ ਨੂੰ ਕਿਸੇ ਦੁਸ਼ਮਨ ਨੇ ਕਤਲ ਕਰ ਦਿਤਾ ਹੋਵੇ।

ਸੰਨ 1857 ਤੋਂ ਬਾਅਦ ਪੂਰੇ 54 ਸਾਲ ਇਸ ਬੁਰਜ ਤੇ ਕਿਸੇ ਨੇ ਦਰਸ਼ਨ ਨਾ ਦਿਤੇ। ਈਸਟ ਇੰਡੀਆ ਦੀ ਹਕੂਮਤ ਮਗਰੋਂ ਜਦ ਅੰਗਰੇਜ਼ ਬਾਦਸ਼ਾਹ ਦੀ ਸਰਕਾਰ ਆਈ ਤਾਂ ਬਾਦਸ਼ਾਹ ਇੰਗਲੈਂਡ ਵਿਚ ਹੀ ਰਹਿੰਦਾ ਸੀ। ਇਸ ਲਈ ਸੰਨ 1911 ਵਿਚ ਹੀ ਜਦੋਂ ਦਿੱਲੀ ਦਰਬਾਰ ਹੋਇਆ, ਉਸ ਸਮੇਂ ਬਾਦਸ਼ਾਹ ਜਾਰਜ ਪੰਜਵਾਂ ਤੇ ਉਸ ਦੀ ਮਹਾਰਾਣੀ ਮੇਰੀ ਨੇ ਇਸ ਇਤਿਹਾਸਿਕ ਬੁਰਜ ਤੇ ਖੜੇ ਕੇ ਲੋਕਾਂ ਨੂੰ ਦਰਸ਼ਨ ਦਿਤੇ।

**ਦੀਵਾਨੇ ਏ ਖਾਸ :**

ਇਸ ਹਾਲ ਵਿਚ ਆਮ ਜਨਤਾ ਨਹੀਂ ਸੀ ਪਹੁੰਚ ਸਕਦੀ। ਇਥੇ ਵਜ਼ੀਰ ਅਮੀਰ, ਨਵਾਬ ਤੇ ਰਾਜੇ ਮਹਾਰਾਜੇ ਹੀ ਬਾਦਸ਼ਾਹ ਦੀ ਹਾਜ਼ਰੀ ਭਰਿਆ ਕਰਦੇ ਸਨ। ਦੁਨੀਆਂ ਭਰ ਦੀਆਂ ਹਕੂ-ਮਤਾਂ ਦੇ ਏਲਚੀ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ ਕਰਦੇ ਸਨ। ਇਸ ਹਾਲ ਦੀ ਛੱਤ ਬੜੀ ਕੀਮਤੀ ਚਾਂਦੀ ਦੀ ਦੀ ਬਣੀ ਹੋਈ ਸੀ, ਜੋ ਮਗਰੋਂ ਲੁੱਟ ਲਈ ਗਈ। ਅੱਜ ਜੋ ਸਾਹਮਣੇ ਲਕੜ ਦੀ ਛੱਤ ਬਣੀ ਨਜ਼ਰ ਆਉਂਦੀ ਹੈ ਇਹ ਬਾਦਸ਼ਾਹ ਜਾਰਜ ਪੰਜਵੇਂ ਦੀ ਆਮਦ ਸਮੇਂ ਹੀ ਬਣਾਈ ਗਈ ਸੀ।

ਖਿੜਕੀ, ਹਾਲ ਦੀ ਸਾਹਮਣੇ ਵਾਲੀ ਦੀਵਾਰ ਤੇ ਅਮੀਰ ਖੁਸਰੋ ਦੀ ਏ ਫਾਰਸੀ ਕਵਿਤਾ ਉਕਰੀ ਹੋਈ ਹੈ, ਉਹ ਇਸ ਤਰ੍ਹਾਂ ਹੈ :

"ਗਰ ਫਰਦੌਸ ਬਰਰੂਏ ਜ਼ਮੀਨ ਅਸਤ,
ਹਮੀਂ ਅਸਤ ਹਮੀਂ ਅਸਤ, ਵਾ ਹਮੀਂ ਅਸਤ"

ਭਾਵ ਇਹ ਹੈ ਕਿ ਜੇ ਇਸ ਧਰਤੀ ਤੇ ਕੋਈ ਸਵੱਰਗ ਹੈ ਤਾਂ ਉਹ ਇਹੀ ਹੈ। ਇਸੇ ਹਾਲ ਵਿਚ ਬੜਾ ਖੂਬਸੂਰਤ ਤੇ ਕੀਮਤੀ ਤਖਤੇ ਤਾਊਸ ਸੀ, ਜਿਸ ਤੇ ਬਾਦਸ਼ਾਹ ਬੈਠਿਆ ਕਰਦਾ ਸੀ। ਮੋਰ ਸ਼ਕਲ ਦੇ ਇਸ ਤਖਤੇ ਤਾਊਸ ਵਿਚ ਜੜੇ ਕੀਮਤੀ ਹੀਰੇ ਮੋਤੀਆਂ ਨੂੰ 1739 ਈ: ਵਿਚ ਨਾਦਰ ਸ਼ਾਹ ਲੁੱਟ ਕੇ ਲੈ ਗਿਆ ਸੀ। ਲਾਲ ਕਿਲ੍ਹੇ ਵਿਚ ਵੇਖਣ ਯੋਗ ਹੋਰ ਕਈ ਥਾਵਾਂ ਹਨ ਜਿਵੇਂ



ਚਿੱਤਰ ਨੰ: ੬ - ਹਮਾਯੂੰ ਦਾ ਮਕਬਰਾ

ਬਹਾਦਰ ਸ਼ਾਹ ਪਹਿਲੇ ਨੇ ਬਣਵਾਈ ਸੀ। ਖ਼ਵਾਜਾ ਸਾਹਿਬ ਨੂੰ ਕੁਤਬ ਸਾਹਿਬ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਕੁਤਬ ਸਾਹਿਬ ਦਾ ਜਨਮ ਫਾਰਸ ਵਿਚ ਹੋਇਆ ਸੀ। ਕੁਤਬ ਸਾਹਿਬ ਮੁਸਲਮਾਨ ਹਮਲਾਆਵਰਾਂ ਨਾਲ ਖੁਰਾਸਾਨ ਤੋਂ ਬਗਦਾਦ ਹੁੰਦੇ ਹੋਏ ਭਾਰਤ ਪੁਜੇ। ਉਹ ਅਜਮੇਰ ਨਿਵਾਸੀ ਖਵਾਜਾ ਮਹੀਉਦੀਨ ਚਿਸ਼ਤੀ ਦੇ ਪੈਰੋਕਾਰ ਸਨ। ਕੁਤਬ ਸਾਹਿਬ ਦੇ ਦਰਸ਼ਨਾਂ ਲਈ ਸੈਂਕੜੇ ਹਿੰਦੂ ਮੁਸਲਮ ਦਰਸ਼ਕਾਂ ਦਾ ਮੇਲਾ ਲਗਾ ਰਹਿੰਦਾ ਸੀ। ਉਨ੍ਹਾਂ ਦੀ ਸਰਬ ਸਾਂਝੀ ਸਿੱਖਿਆ ਕਾਰਨ ਲੋਕੀ ਖਿਚੇ ਚਲੇ ਆਉਂਦੇ ਸਨ। ਇਹ ਦਰਗਾਹ ਕਈ ਮੁਸਲਮ ਬਾਦਸ਼ਾਹਾਂ ਸਮੇਂ ਬਣਦੀ ਰਹੀ। ਪੁਰਾਤਨ ਸਮੇਂ ਦੀ ਬਣੀ ਦਰਗਾਹ ਕਿੰਨੀ ਪਿਆਰੀ ਲਗਦੀ ਹੈ। ਵੇਖੋ ਬਾਹਰ ਦਾ ਗੇਟ ਕਿੰਨਾ ਉੱਚਾ ਹੈ।

ਖਵਾਜਾ ਸਾਹਿਬ ਨੂੰ ਬਾਦਸ਼ਾਹ ਅਲਤਮਸ਼ ਦੇ ਦਿਨਾਂ ਵਿਚ ਬੜੀ ਪ੍ਰਸਿਧੀ ਪ੍ਰਾਪਤ ਹੋਈ। ਉਹ 1236 ਵਿਚ ਰੱਬ ਨੂੰ ਪਿਆਰੇ ਹੋ ਗਏ। ਖ਼ਵਾਜਾ ਸਾਹਿਬ ਦੀ ਕਬਰ ਦੇ ਨੇੜੇ ਹੀ ਕਈ ਹੋਰ ਬਾਦਸ਼ਾਹਾਂ ਦੀਆਂ ਕਬਰਾਂ ਹਨ, ਜਿਨ੍ਹਾਂ ਚੋਂ ਬਹਾਦਰਸ਼ਾਹ ਪਹਿਲਾ ਸੰਨ 1707 ਤੋਂ 1712, ਸ਼ਾਹ ਆਲਮ ਦੂਜਾ 1758 ਤੋਂ 1806 ਤੇ ਅਕਬਰ ਦੂਜਾ 1806 ਤੋਂ 1837 ਵਰਣਨ ਯੋਗ ਹਨ। ਆਖਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਦਾ ਵਿਚਾਰ ਸੀ ਕਿ ਉਸ ਦੀ ਕਬਰ ਖ਼ਵਾਜਾ ਸਾਹਿਬ ਦੇ ਚਰਨਾਂ ਵਿਚ ਬਣਾਈ ਜਾਵੇ। ਪਰ 1857 ਦੇ ਗਦਰ ਸਮੇਂ ਉਸ ਨੂੰ ਗ੍ਰਿਫਤਾਰ ਕਰਕੇ ਅੰਗਰੇਜ਼ ਰੰਗੂਨ ਲੈ ਗਏ। ਉਥੇ ਹੀ ਉਸ ਦੀ ਮੌਤ ਮਗਰੋਂ ਉਸ ਦੀ ਕਬਰ ਬਣਾਈ ਗਈ।

ਇਸ ਦਰਗਾਹ ਦੀ ਬਹੁਤ ਵਡੀ ਤੇ ਸ਼ਾਨਦਾਰ ਇਮਾਰਤ ਦੇ ਕਈ ਵਡੇ ਵਡੇ ਦਰਵਾਜੇ ਤੇ ਹਾਲ ਕਮਰੇ ਹਨ। ਇਥੇ ਹੀ ਨੌਬਤ ਖਾਨਾ, ਮਜਲਸ ਖਾਨਾ, ਤੋਸ਼ਾ ਖਾਨਾ, ਮਸਜਦ ਤਲਾਬ ਤੇ ਬਾਉਲੀ ਹੈ। ਸਾਹਮਣੇ ਸੰਗਮਰਮਰ ਦੀ ਬਣੀ ਬੜੀ ਸੁੰਦਰ ਮੋਤੀ ਮਸਜਦ ਦਰਸ਼ਕਾਂ ਦੇ ਮਨ ਵਿਚ ਖਿਚ ਪਾਉਂਦੀ ਹੈ। ਇਸੇ ਦਰਗਾਹ ਵਿਚ ਹੀ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਸ਼ਹਾਦਤ ਤੋਂ ਕੁਝ ਦਿਨ ਪਹਿਲਾ ਹਿੰਦੂ ਮੁਸਲਮ ਏਕਤਾ ਲਈ ਭਾਸ਼ਨ ਦਿਤਾ ਸੀ ਜਿਸ ਦੇ ਨਤੀਜੇ ਵਜੋਂ ਦਿੱਲੀ ਵਿਚ ਫਸਾਦ ਹੋਣੇ ਬੰਦ ਹੋ ਗਏ ਸਨ। ਪਰ ਕੁਝ ਦਿਨਾਂ ਮਗਰੋਂ 30 ਜਨਵਰੀ 1948 ਨੂੰ ਇਕ ਕੁਲਛ ਤੇ ਬੇਸਮਝ ਦੇਸ਼ ਦੇ ਵਾਸੀ ਨੇ ਉਨ੍ਹਾਂ ਨੂੰ ਗੋਲੀ ਮਾਰ ਦਿਤੀ ਸੀ।

**ਜ਼ਫ਼ਰ ਮਹੱਲ :**

ਔਹ ਸਾਹਮਣੇ ਦਰਗਾਹ ਦੇ ਨੇੜੇ ਹੀ ਤਿੰਨ ਮੰਜ਼ਲੀ ਬੜੀ ਵੱਡੀ ਇਮਾਰਤ ਜ਼ਫ਼ਰ ਮਹੱਲ ਦੀ ਹੈ। ਹੁਣ ਤਾਂ ਇਸ ਦੇ ਖੰਡਰ ਹੀ ਬਾਕੀ ਰਹਿ ਗਏ ਹਨ। ਇਹ ਮਹੱਲ ਨੂੰ ਅਕਬਰ ਦੂਜੇ ਨੇ ਬਣਵਾ-ਇਆ ਸੀ। ਇਸ ਮਹੱਲ ਦਾ ਵੱਡਾ ਦਰਵਾਜਾ ਬਹਾਦਰ ਸ਼ਾਹ ਦੂਜੇ ਨੇ ਦੁਬਾਰਾ ਬਣਵਾਇਆ ਸੀ ਤੇ ਇਸ ਦਾ ਨਾਂ ਆਪਣੇ ਨਾਂ ਤੇ "ਜ਼ਫ਼ਰ ਮਹੱਲ" ਰਖਿਆ ਸੀ। ਮਹਿਰੌਲੀ ਨਗਰ ਦੇ ਚਾਰੇ ਪਾਸੇ ਦੂਰ-ਦੂਰ ਤਕ ਪੁਰਾਣੀਆਂ ਸ਼ਾਹਾਨਾ ਇਮਾਰਤਾਂ, ਮਸਜਦਾਂ ਤੇ ਬਾਉਲੀਆਂ ਦੇ ਖੰਡਰ ਨਜ਼ਰ ਆਉਂਦੇ ਹਨ। ਇਨ੍ਹਾਂ 'ਚੋਂ ਕੁਝ ਭੁਲੱਈਆਂ, ਜਹਾਜ਼ ਮਹੱਲ (ਜਿਥੇ ਹਰ ਸਾਲ "ਫੂਲ ਵਾਲੋਂ ਕੀ ਸੈਰ" ਨਾਂ ਦਾ ਮੇਲਾ ਲਗਦਾ ਹੈ ਜਿਸ ਨੂੰ ਵੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕੀਂ ਹਰ ਸਾਲ ਆਉਂਦੇ ਹਨ) ਤੇ ਹੋਰ ਕਈ ਆਦਿ ਵੇਖਣ ਯੋਗ ਅਸਥਾਨ ਸਨ।



ਚਿੱਤਰ ਨੰ: ੭—ਸਫ਼ਦਰ ਜੰਗ ਦਾ ਮਕਬਰਾ।

### ਦਰਗਾਹ ਚਿਰਾਗ ਦਿੱਲੀ :

ਮਾਲਵੀਆ ਨਗਰ ਤੇ ਕਾਲਕਾ ਜੀ ਰੋਡ ਤੇ ਇਕ ਪਿੰਡ ਚਿਰਾਗ ਦਿੱਲੀ ਨਾਂ ਦਾ ਪੁਰਾਤਨ ਨਗਰ ਹੈ। ਕਿਸੇ ਸਮੇਂ ਇਹ ਨਗਰ ਵੀ ਪੁਰਾਤਨ ਦਿੱਲੀਆਂ ਵਿਚੋਂ ਗਿਣਿਆ ਜਾਂਦਾ ਸੀ। ਇਸ ਨਗਰ ਵਿਚ ਇਕ ਪੁਰਾਤਨ ਮਕਬਰਾ ਹੈ ਜੋ ਨਸਰੂਦੀਨ ਦੀ ਯਾਦ ਵਿਚ ਬਣਿਆ ਹੋਇਆ ਹੈ। ਇਸ ਮਕਬਰੇ ਦਾ ਨਾਂ ਰੌਸ਼ਨ ਚਿਰਾਗੇ ਦਿੱਲੀ ਹੈ। ਨਸਰੂਦੀਨ ਹਜ਼ਰਤ ਨਿਜ਼ਾਮੁਦੀਨ ਔਲੀਆ ਦਾ ਚੇਲਾ ਸੀ। ਇਹ ਦਰਗਾਹ ਦਿੱਲੀ ਦੀਆਂ ਬਹੁਤ ਵਡੀਆਂ ਤੇ ਖੂਬਸੂਰਤ ਬਣੀਆਂ ਦਰਗਾਹਾਂ ਚੋਂ ਤੀਜੀ ਦਰਗਾਹ ਮੰਨੀ ਜਾਂਦੀ ਹੈ। ਇਸ ਦਰਗਾਹ ਵਿਚ ਕਈ ਵਡੇ ਵਡੇ ਹਾਲ ਤੇ ਉਚੇ ਮੀਨਾਰ ਹਨ ਜੋ ਬਹੁਤ ਸੁੰਦਰ ਕਾਰੀਗਰੀ ਦਾ ਨਮੂਨਾ ਹਨ। ਇਸ ਵਿਚ ਮਜਲਸ ਖਾਨਾ ਤੇ ਮਹਿਫਲ ਖਾਨਾ ਬਹੁਤ ਪ੍ਰਸਿੱਧ ਹਨ।

### ਨੀਲੀ ਮਸਜਿਦ-ਈਦਗਾਹ :

ਹੌਜ਼ ਖਾਸ ਐਨਕਲੇਵ ਤੇ ਚੋਰ ਮੀਨਾਰ ਦੇ ਦਰਮਿਆਨ ਇਸ ਪੁਰਾਣੀ ਮਸਜਦ ਦੇ ਖੰਡਰ ਮਿਲਦੇ ਹਨ। ਕਿਸੇ ਸਮੇਂ ਇਸ ਮਸਜਦ ਦੀ ਬੜੀ ਸ਼ਾਹਾਨਾ ਇਮਾਰਤ ਸੀ। ਹੁਣ ਇਸ ਦਾ ਬਹੁਤ ਸਾਰਾ ਹਿੱਸਾ ਡਿੱਗ ਚੁਕਾ ਹੈ। ਇਸ ਮਸਜਦ ਤੇ ਲਗੀਆਂ ਬੜੀਆਂ ਖੂਬਸੂਰਤ ਨੀਲੀਆਂ ਟਾਇਲਾਂ ਕਾਰਨ ਹੀ ਇਸ ਮਸਜਦ ਦਾ ਨਾਂ ਨੀਲੀ ਮਸਜਦ ਪੈ ਗਿਆ ਸੀ। ਇਹ ਮਸਜਦ ਸਿਕੰਦਰ ਲੋਧੀ ਦੇ ਸਮੇਂ ਦਿੱਲੀ ਦੇ ਗਵਰਨਰ ਫਤਹਿ ਖਾਨ ਦੀ ਇਕ ਨੌਕਰਾਣੀ ਨੇ ਸੰਨ 1505 ਵਿਚ ਬਣਵਾਈ ਸੀ।

### ਚੋਰ ਮੀਨਾਰ :

ਇਸ ਮਸਜਦ ਤੋਂ ਕੋਈ ਦੋ ਕੁ ਸੌ ਗਜ਼ ਦੀ ਦੂਰੀ ਤੇ ਇਕ ਚੋਰ ਮੀਨਾਰ ਨਾਂ ਦਾ ਕਾਫੀ ਉੱਚਾ ਮੀਨਾਰ ਹੈ। ਇਹ ਮੀਨਾਰ ਕਾਫੀ ਪੁਰਾਣਾ ਹੈ। ਇਸ ਮੀਨਾਰ ਦੇ ਬਾਹਰਵਾਰ ਕਈ ਗੋਲ ਸੁਰਾਖ ਹਨ। ਕਿਹਾ ਜਾਂਦਾ ਹੈ ਕਿ ਉਸ ਸਮੇਂ ਜੋ ਚੋਰ ਚੋਰੀ ਕਰਦਿਆ ਫੜੇ ਜਾਂਦੇ ਸਨ, ਉਨ੍ਹਾਂ ਦੇ ਸਿਰ ਕਟ ਕੇ ਉਥੇ ਲਟਕਾ ਦਿਤੇ ਜਾਂਦੇ ਸਨ ਤਾਂ ਜੋ ਚੋਰੀ ਕਰਨ ਵਾਲਿਆਂ ਨੂੰ ਸਿਖਿਆ ਮਿਲੇ।

### ਮਦਰਸਾ ਸਫਦਰ ਜੰਗ :

ਹਮਾਯੂੰ ਦਾ ਮਕਬਰਾ ਵੇਖਣ ਮਗਰੋਂ ਅਸੀਂ ਉਸ ਦੇ ਨਾਲ ਲਗਦਾ ਚਿੜੀਆਂ ਘਰ ਵੇਖਿਆ ਜਿਸ ਦਾ ਅਗੇ ਚਲਕੇ ਜ਼ਿਕਰ ਕਰਾਂਗੇ। ਉਥੋਂ ਅਸੀਂ ਸਿਧੇ ਲੋਧੀ ਰੋਡ ਤੋਂ ਹੁੰਦੇ ਹੋਏ ਮਦਰਸੇ ਆਣ ਪਹੁੰਚਦੇ ਹਾਂ। ਇਹ ਇਮਾਰਤ ਪੁਰਾਣੇ ਸਮਿਆਂ ਵਿਚ ਇਕ ਉਤਮ ਸਕੂਲ ਸੀ। ਇਥੋਂ ਦਾ ਬਾਗ ਤੇ ਮਕਬਰਾ ਮਿਰਜ਼ਾ ਮੁਕੀਮ ਅਬੁਲ ਮਨਸੂਰ ਖਾਂ ਜਿਸ ਨੂੰ ਸਫਦਰ ਜੰਗ ਵੀ ਕਿਹਾ ਜਾਂਦਾ ਸੀ, ਦੀ ਯਾਦ ਵਿਚ ਉਸ ਦੇ ਪੁਤਰ ਨੇ ਸੰਨ 1753-54 ਵਿਚ ਬਣਵਾਇਆ ਸੀ।

ਇਹ ਮਦਰਸਾ, ਬਾਗ ਤੇ ਮਕਬਰਾ ਨਵੀਂ ਦਿੱਲੀ ਵਿਖੇ ਲੋਧੀ ਗਾਰਡਨ ਦੇ ਨੇੜੇ ਮਹਿਰੌਲੀ ਰੋਡ ਤੇ ਹੈ। ਵੇਖੋ ਇਹ ਅੰਦਰੋਂ ਕਿੰਨਾ ਵਿਸ਼ਾਲ ਹੈ। ਇਸ ਦੇ ਚਾਰੇ ਪਾਸੇ ਉਚੀਆਂ ਦੀਵਾਰਾਂ ਹਨ ਤੇ ਚਾਰ ਗੁੰਬਦ ਨਜ਼ਰ ਆਉਂਦੇ ਹਨ। ਚਿਰਕਾਰ ਬਾਗ ਹੈ। ਗੇਟ ਦੇ ਨਾਲ ਇਕ ਮਸਜਦ ਤੇ ਕੁਝ ਰਿਹਾਇਸ਼ੀ ਕਮਰੇ ਹਨ। ਜਿਨ੍ਹਾਂ ਵਿਚ ਸਫਦਰ ਜੰਗ ਦੇ ਪਰਿਵਾਰ ਦੇ ਬੰਦੇ ਰਿਹਾਇਸ਼ ਰਖਦੇ ਹਨ।

**ਹੌਜ਼-ਖਾਸ :**

ਮਦਰਸੇ ਤੋਂ ਅਸੀਂ ਮਹਿਰੌਲੀ ਵਲ ਚਲਦੇ ਹਾਂ । ਇਸੇ ਸੜਕ ਤੇ ਹੌਜ਼ ਖਾਸ ਕਾਲੋਨੀ ਤੋਂ ਸਜੇ ਹਥ ਇਕ ਹੋਰ ਸੜਕ ਪੁਰਾਤਨ ਇਤਿਹਾਸਕ ਪਿੰਡ ਹੌਜ਼ ਖਾਸ ਪਾਸ ਜਾ ਨਿਕਲਦੀ ਹੈ। ਹੌਜ਼ ਖਾਸ ਦਿੱਲੀ ਮਹਿਰੌਲੀ ਸੜਕ ਤੋਂ ਡੇਢ ਕਿਲੋਮੀਟਰ ਦੇ ਲਗਭਗ ਹੈ।

ਬਾਦਸ਼ਾਹ ਅਲਾਉਦੀਨ ਖਿਲਜੀ ਨੇ ਆਪਣੇ ਰਾਜ ਸਮੇਂ (ਸੰਨ 1296-1316 ਈ:) ਸੀਰੀ (ਦੂਜੀ ਦਿੱਲੀ) ਦੇ ਵਸਨੀਕਾਂ ਦੇ ਪੀਣ ਲਈ ਪਾਣੀ ਦੀ ਪ੍ਰਾਪਤੀ ਲਈ 70 ਏਕੜ ਦੇ ਖੇਤਰਫਲ ਦਾ ਇਕ ਬਹੁਤ ਵਡਾ ਤਲਾਬ ਬਣਵਾਇਆ । ਉਸ ਸਮੇਂ ਇਸ ਤਲਾਬ ਦਾ ਨਾਂ ਹੌਜ਼ੇ ਇਲਾਹੀ ਭਾਵ ਪ੍ਰਭੂ ਦਾ ਤਾਲਾਬ ਸੀ। ਫੀਰੋਜ਼ਸ਼ਾਹ ਦੇ ਸਮੇਂ ਇਹ ਤਾਲਾਬ ਬਿਲਕੁਲ ਖੁਸ਼ਕ ਹੋ ਗਿਆ ਸੀ ਤੇ ਇਸ ਨੂੰ ਲੋਕਾਂ ਨੇ ਮਿਟੀ ਪਾ ਪਾ ਕੇ ਭਰ ਦਿਤਾ ਸੀ । ਉਸ ਦੇ ਕਿਨਾਰੇ ਲੋਕਾਂ ਨੇ ਖੂਹ ਖੋਦ ਲਏ ਸਨ ਜਿਨ੍ਹਾਂ ਚੋਂ ਪਾਣੀ ਕਢ ਕਢ ਵੇਚਿਆ ਜਾਂਦਾ ਸੀ। ਫੀਰੋਜ਼ਸ਼ਾਹ ਤੁਗਲਕ ਨੇ ਇਸ ਤਲਾਬ ਨੂੰ ਮੁੜ ਖੁਦਵਾਇਆ ਤੇ ਕਈ ਹੋਰ ਇਮਾਰਤਾਂ ਬਣਵਾਈਆਂ । ਇਕ ਦੋ-ਮੰਜ਼ਲੀ ਇਮਾਰਤ ਵਿਚ ਮਦਰਸਾ (ਪਾਠਸ਼ਾਲਾ) ਬਣਾਇਆ ਗਿਆ। ਨੇੜੇ ਹੀ ਇਕ ਮਸਜਦ ਵੀ ਬਣਵਾਈ । ਅਜ ਕਲ ਮਦਰਸੇ ਦਾ ਬਹੁਤ ਸਾਰਾ ਹਿਸਾ ਢਹਿ ਚੁਕਾ ਹੈ। ਆਉ ! ਇਸ ਉਚੀ ਚਾਰ ਦੀਵਾਰੀ ਦੇ ਅੰਦਰ ਬਣੇ ਇਸ ਬੜੇ ਸੁੰਦਰ ਖੁਲ੍ਹੇ ਪਾਰਕ ਵਿਚ ਥੋੜ੍ਹੀ ਦੇਰ ਅਰਾਮ ਕਰ ਲਈਏ ।



ਚਿਤਰ ਨੰ: ੪ - ਰੰਗ ਮਹਲ



**ਜੰਤਰ ਮੰਤਰ :**

ਬੱਚਿਓ ! ਹੁਣ ਸ਼ਾਮ ਪੈ ਗਈ ਹੈ ਤੇ ਸਾਡਾ ਡਰਾਈਵਰ ਵੀ ਕਾਹਲਾ ਪੈ ਗਿਆ ਹੈ। ਉਸ ਨੇ ਸਾਨੂੰ ਕੌਨਾਟ ਪਲੇਸ ਵੀ ਵਿਖਾਉਣਾ ਹੈ। ਚਲੋ ਬਸ ਵਿਚ ਬੈਠ ਜਾਓ।

ਕੌਨਾਟ ਪਲੇਸ ਤੋਂ ਦੋ ਕੁ ਫਰਲਾਂਗ ਉਤੇ ਹੀ ਸਾਡੀ ਬਸ ਖਲੋ ਗਈ । ਡਰਾਈਵਰ ਦਿੱਲੀ ਦੇ ਚੱਪੇ ਚੱਪੇ ਤੋਂ ਵਾਕਿਫ਼ ਹੈ । ਜਦ ਅਸੀਂ ਉਚੇ ਚਿਨਾਰ ਦੇ ਰੁੱਖਾਂ ਨਾਲ ਘਿਰੇ ਵਡੇ ਸਾਰੇ ਬਾਗ ਵਿਚ ਪਹੁੰਚਦੇ ਹਾਂ, ਤਾਂ ਉਹ ਦਸਣ ਲਗਾ :

ਬੱਚਿਓ ! ਮਹਾਰਾਜ ਸਵਾਏ ਜੈ ਸਿੰਘ (ਦੂਜਾ) ਜਿਸ ਨੇ ਜੈਪੁਰ ਦਾ ਆਪਣੀ ਕਿਸਮ ਦਾ ਇਕ ਅਨੋਖਾ ਤੇ ਖੂਬਸੂਰਤ ਸ਼ਹਿਰ (ਪਿੰਕ ਸਿਟੀ ਆਫ਼ ਜੈ ਪੁਰ) ਵਸਾਇਆ ਉਸ ਨੇ ਐਸਟਰਾਨੋਮੀ ਦੀਆਂ ਕਈ ਪ੍ਰਸਿਧ ਪੁਸਤਕਾਂ ਦਾ ਹਿੰਦੀ ਵਿਚ ਅਨੁਵਾਦ ਕਰਵਾਇਆ । ਉਸ ਨੇ ਇਸ ਦੇ ਸਬੰਧ ਵਿਚ ਜੈਪੁਰ ਵਿਖੇ ਬਹੁਤ ਸਾਰੇ ਖੋਜ ਯੰਤਰ ਤਿਆਰ ਕਰਵਾਏ ਜਿਨ੍ਹਾਂ ਦੀ ਸਹਾਇਤਾ ਨਾਲ ਮੌਸਮ ਤੇ ਦਿਨ ਅਤੇ ਧੁਪ ਘੜੀ ਦੀ ਮੱਦਦ ਨਾਲ ਵਕਤ ਦਾ ਪਤਾ ਲਗਾਇਆ ਜਾ ਸਕਦਾ ਹੈ । ਉਸ ਨੇ ਕਈ ਭਾਰਤੀ ਵਿਦਵਾਨਾਂ ਨੂੰ ਇਸ ਵਿਸ਼ੇ ਤੇ ਹੋਰ ਖੋਜ ਲਈ ਯੂਰਪ ਭੇਜਿਆ । ਉਸ ਨੇ ਇਸ ਕਿਸਮ ਦੀਆਂ ਖੋਜ ਸ਼ਾਲਾਵਾਂ ਦਿੱਲੀ, ਜੈਪੁਰ, ਉਜੈਨ, ਬਨਾਰਸ ਤੇ ਮਥਰਾ ਵਿਚ ਬਣਵਾਈਆਂ । ਦਿੱਲੀ ਵਿਖੇ ਔਬਜ਼ਰਵੇਟਰੀ ਸੰਨ 1724 ਵਿਚ ਬਣਾਈ ਗਈ ।

ਕਾਂਤ ਸੈਂਠਾਂ

# ਦਿੱਲੀ ਦੇ ਧਾਰਮਕ ਅਸਥਾਨ

**ਸਿੱਖ ਗੁਰਦੁਆਰੇ :** ਦਿੱਲੀ ਵਿਚ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਹਨ । ਉਨ੍ਹਾਂ ਵਿਚੋਂ ਗੁਰਦੁਆਰਾ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਨਾਨਕ ਪਿਆਓ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮਾਤਾ ਸੁੰਦਰੀ ; ਗੁਰਦੁਆਰਾ ਬਾਲਾ ਸਾਹਿਬ, ਗੁਰਦੁਆਰਾ ਮਜਨੂੰ ਦਾ ਟਿਲਾ, ਆਦਿ ਪ੍ਰਸਿੱਧ ਹਨ ।

**ਸੀਸ ਗੰਜ :**

ਗੁਰਦੁਆਰਾ ਸੀਸ ਗੰਜ, ਸਿੱਖਾਂ ਦੇ ਨਾਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਯਾਦਗਾਰ ਹੈ । ਔਰੰਗਜ਼ੇਬ ਦੇ ਸਮੇਂ ਜਦ ਹਿੰਦੂਆਂ ਤੇ ਜ਼ੁਲਮਾਂ ਦੀ ਹਨੇਰੀ ਛਾਈ ਹੋਈ ਸੀ ਤਾਂ ਮੁਗ਼ਲ ਸਮਰਾਟ ਔਰੰਗਜ਼ੇਬ ਨੇ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਐਲਾਨ ਕੀਤਾ । ਉਸ ਸਮੇਂ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ (ਪੰਜਾਬ) ਵਿਚ ਰਹਿੰਦੇ ਸਨ । ਜਦ ਕਸ਼ਮੀਰੀ ਪੰਡਤਾਂ ਦੀ ਪੁਕਾਰ ਮੁਗ਼ਲ ਦਰਬਾਰ ਨੇ ਨਾ ਸੁਣੀ ਤਾਂ ਉਹ ਨਿਰਾਸ਼ ਹੋ ਕੇ ਗੁਰੂ ਜੀ ਦੇ ਦਰਬਾਰ ਅਨੰਦਪੁਰ ਸਾਹਿਬ ਆਣ ਹਾਜ਼ਰ ਹੋਏ । ਗੁਰੂ ਜੀ ਨੇ ਕਿਹਾ ਕਿ ਇਸ ਜ਼ੁਲਮ ਦੀ ਹਨੇਰ ਗਰਦੀ ਨੂੰ ਰੋਕਣ ਲਈ ਕਿਸੇ ਮਹਾਂ ਪੁਰਸ਼ ਦੀ ਸ਼ਹਾਦਤ ਦੀ ਲੋੜ ਹੈ । ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਜੋ ਬਿਲਕੁਲ ਬਾਲ ਅਵਸਥਾ ਵਿਚ ਸਨ ਬੋਲੇ, ''ਪਿਤਾ ਜੀ, ਇਸ ਯੁਗ ਵਿਚ ਤੁਹਾਡੇ ਤੋਂ ਵਡਾ ਮਹਾਂ ਪੁਰਸ਼ ਕੌਣ ਹੋਵੇਗਾ । ਸੋ ਤੁਸੀਂ ਹੀ ਇਸ ਔਖੀ ਘੜੀ ਵਿਚ ਦੇਸ਼ ਦੀ ਦਸ਼ਾ ਸੁਧਾਰ ਸਕਦੇ ਹੋ ।

ਸੋ ਗੁਰੂ ਜੀ ਤਿਆਰ ਹੋ ਕੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਆ ਪਹੁੰਚੇ ਅਤੇ ਔਰੰਗਜ਼ੇਬ ਦੇ ਹੁਕਮ ਨਾਲ 1675 ਈ: ਵਿਚ ਸ਼ਹੀਦ ਹੋ ਗਏ । ਜੋ ਸੇਵਕ ਉਨ੍ਹਾਂ ਨਾਲ ਸਨ, ਉਹ ਵੀ ਸ਼ਹੀਦ ਹੋ ਗਏ । ਜਿਸ ਥਾਂ ਗੁਰੂ ਜੀ ਸ਼ਹੀਦ ਹੋਏ ਉਸ ਇਤਿਹਾਸਕ ਅਸਥਾਨ ਦਾ ਨਾਂ ਗੁਰਦੁਆਰਾ ਸੀਸ ਗੰਜ ਹੈ । ਜਿਥੇ ਉਨ੍ਹਾਂ ਦੇ ਸਰੀਰ ਦਾ ਸੰਸਕਾਰ ਹੋਇਆ, ਉਸ ਦਾ ਨਾਂ ਗੁਰਦੁਆਰਾ ਰਕਾਬ ਗੰਜ ਹੈ । ਆਉ, ਅੰਦਰ ਚਲੀਏ ਤੇ ਉਸ ਮਹਾਂਪੁਰਸ਼ ਦੀ ਯਾਦ ਵਿਚ ਸਿਰ ਨਿਵਾਈਏ ।



ਚਿੱਤਰ ਨੰ: 10—ਗੁਰਦੁਆਰਾ ਸੀਸ ਗੰਜ



ਚਿੱਤਰ ਨੰ: 11 - ਜਾਮਾ ਮਸਜਿਦ

ਇਥੇ ਇਤਿਹਾਸਿਕ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਕਰਕੇ ਫੁਵਾਰਾ ਹੈ, ਜਿਸ ਨੂੰ ਅੱਜ ਕਲ੍ਹ ਧਰਮੀ ਭਾਈ ਮਤੀ ਦਾਸ ਸ਼ਹੀਦ ਦੇ ਨਾਂ ਤੇ ਭਾਈ ਮਤੀ "ਦਾਸ ਚੌਂਕ" ਦਾ ਨਾਂ ਦਿਤਾ ਗਿਆ। ਇਹ ਫੁਵਾਰਾ ਲਾਰਡ ਨਾਰਥ ਬਰੁਕ ਦੀ ਭਾਰਤ ਫੇਰੀ ਸਮੇਂ ਬਣਾਇਆ ਗਿਆ ਸੀ। ਗੁਰਦੁਆਰਾ ਸੀਸ ਗੰਜ ਦੇ ਨਾਲ ਕਰਕੇ ਪੁਲਿਸ ਕੋਤਵਾਲੀ ਸੀ, ਜਿਸ ਨੂੰ ਦਿੱਲੀ ਪ੍ਰਸ਼ਾਸਨ ਨੇ ਦਿੱਲੀ ਸਿਖ ਗੁਰਦੁਆਰਾ ਪਰਬੰਧਕ ਕਮੇਟੀ ਦੇ ਹਵਾਲੇ ਕਰ ਦਿਤਾ ਹੈ। ਇਥੇ ਅੱਜ ਕਲ੍ਹ ਆਏ ਗਏ ਮੁਸਾਫਰਾਂ ਦੀ ਰਿਹਾਇਸ਼ ਲਈ ਬਹੁਤ ਸਾਰੇ ਕਮਰੇ ਬਣੇ ਹੋਏ ਹਨ ਤੇ ਉਪਰਲੀ ਮੰਜ਼ਿਲ ਵਿਚ ਗੁਰਦੁਆਰਾ ਕਮੇਟੀ ਦਾ ਦਫਤਰ ਹੈ।

**ਗੁ: ਬੰਗਲਾ ਸਾਹਿਬ :**

ਗੁਰਦਵਾਰਾ ਬੰਗਲਾ ਸਾਹਿਬ ਗੁਰੂ ਹਰਕਿਸ਼ਨ ਸਾਹਿਬ ਦੀ ਯਾਦ ਵਿਚ ਬਣਿਆ ਹੈ। 'ਗੁਰੂ ਨਾਨਕ ਪਿਆਓ' ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਤੇ ਗੁਰਦਵਾਰਾ ਮੋਤੀ ਬਾਗ਼ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਿਆ ਹੈ। ਇਨ੍ਹਾਂ ਇਤਿਹਾਸਕ ਅਸਥਾਨਾਂ ਤੇ ਦਰਸ਼ਨਾਂ ਲਈ ਦੇਸ ਪ੍ਰਦੇਸ ਤੋਂ ਹਜ਼ਾਰਾਂ ਨਰ ਨਾਰੀਆਂ ਹਰ ਰੋਜ਼ ਆਉਂਦੇ ਹਨ।

**ਜਾਮਾ ਮਸਜਦ :**

ਮੁਗ਼ਲ ਸਮਰਾਟ ਸ਼ਾਹਜਹਾਨ ਨੂੰ ਸ਼ਾਨਦਾਰ ਕਿਲ੍ਹੇ, ਬਾਗ਼ ਤੇ ਮਸਜਦਾਂ ਬਣਾਉਣ ਦਾ ਬੜਾ ਸ਼ੌਕ ਸੀ। ਲਾਲ ਕਿਲ੍ਹਾ ਬਣ ਜਾਣ ਮਗਰੋਂ ਉਸ ਨੇ ਕਿਲ੍ਹੇ ਦੇ ਬਿਲਕੁਲ ਸਾਹਮਣੇ ਜਾਮਾ ਮਸਜਦ ਦੀ ਬਹੁਤ ਵਡੀ ਇਮਾਰਤ ਸੰਨ 1648 ਈ: ਵਿਚ ਤਿਆਰ ਕਰਵਾਈ। ਇਸ ਧਰਮ ਅਸਥਾਨ ਨੂੰ ਮੁਕੰਮਲ ਕਰਨ ਵਿਚ ਛੇ ਸਾਲ ਲਗੇ ਤੇ 5000 ਮਜ਼ਦੂਰ ਦਿਨ ਰਾਤ ਇਸ ਕਾਰਜ ਵਿਚ ਲਗੇ ਰਹੇ। ਬਾਦਸ਼ਾਹ ਨਿਮਾਜ਼ ਪੜ੍ਹਨ ਲਈ ਲਾਲ ਕਿਲ੍ਹੇ ਤੋਂ ਜਾਮਾ ਮਸਜਦ ਜਾਇਆ ਕਰਦਾ ਸੀ। ਉਸ ਸਮੇਂ ਉਸ ਨਾਲ ਹਜ਼ਾਰਾਂ ਮੁਸਲਮਾਨ ਨਿਮਾਜ਼ ਪੜ੍ਹਿਆ ਕਰਦੇ ਸਨ। ਨਿਮਾਜ਼ ਪੜ੍ਹਨ ਮਗਰੋਂ ਹਾਥੀ ਦੀ ਸਵਾਰੀ ਕਰਕੇ ਉਹ ਲਾਲ ਕਿਲ੍ਹੇ ਵਾਪਸ ਆ ਜਾਇਆ ਕਰਦਾ ਸੀ।

**ਬਿਰਲਾ ਮੰਦਰ :**

ਆਉ, ਹੁਣ ਅਸੀਂ ਬਿਰਲਾ ਮੰਦਰ ਵੇਖਣ ਚਲੀਏ। ਇਥੇ ਜੁਤੀਆਂ ਉਤਾਰ ਦਿਓ। ਹੁਣ ਅਸੀਂ ਮੰਦਰ ਦੇ ਅੰਦਰ ਪਹੁੰਚ ਗਏ ਹਾਂ। ਇਹ ਮੰਦਰ ਪ੍ਰਾਚੀਨ ਤੇ ਨਵੀਨ ਕਾਰੀਗਰੀ ਦਾ ਉਤਮ ਨਮੂਨਾ ਹੈ ਜੋ ਸੇਠ ਘਣ ਸ਼ਾਮ ਦਾਸ ਬਿਰਲਾ ਨੇ ਨਵੀਂ ਦਿੱਲੀ ਵਿਚ ਬਣਵਾਇਆ। ਮੰਦਰ ਦੀਆਂ ਦੀਵਾਰਾਂ ਤੇ ਪੁਰਾਤਨ ਹਿੰਦੂ ਇਤਿਹਾਸ ਨੂੰ ਚਿਤਰਾਂ ਰਾਹੀਂ ਦਰਸਾਇਆ ਗਿਆ ਹੈ। ਆਓ, ਹੁਣ ਮੰਦਰ ਦੇ ਪਿਛਲੇ ਮੈਦਾਨ ਵਲ ਚਲੀਏ। ਵੇਖੋ, ਸਾਹਮਣੇ ਕਈ ਫੁਵਾਰੇ, ਗੁਫਾਵਾਂ ਤੇ ਜੰਗਲੀ ਜਾਨਵਰਾਂ ਦੇ ਕਿਡੇ ਉਤਮ ਬੁੱਤ ਬਣੇ ਹੋਏ ਹਨ। ਦੂਰੋਂ ਦੇਖਿਆਂ ਬਿਲਕੁਲ ਅਸਲੀ ਨਜ਼ਰ ਆਉਂਦੇ ਹਨ। ਬੱਚੇ ਇਨ੍ਹਾਂ ਜਾਨਵਰਾਂ ਤੇ ਸਵਾਰੀ ਕਰਦੇ ਹਨ ਤੇ ਇਨ੍ਹਾਂ ਤੇ ਬੈਠ ਕੇ ਤਸਵੀਰਾਂ ਖਿਚਵਾਉਂਦੇ ਹਨ। ਅਸੀਂ ਇਕ ਕਿਤਾਰ ਵਿਚ ਖੜੇ ਕੇ ਇਕੱਠਿਆਂ ਸਭ ਨੇ ਫੋਟੋ ਖਿਚਾਣੀ ਹੈ। ਇਹ ਫੋਟੋ ਸਾਡੀ ਬਿਰਲਾ ਮੰਦਰ ਦੀ ਇਸ ਯਾਤਰਾ ਦੀ ਯਾਦ ਰਹੇਗੀ।

**ਜੈਨ ਮੰਦਰ :**

ਇਹ ਮੰਦਰ ਲਾਲ ਕਿਲ੍ਹੇ ਦੇ ਬਿਲਕੁਲ ਸਾਹਮਣੇ ਤੇ ਚਾਂਦਨੀ ਚੌਂਕ ਦੇ ਆਰੰਭ ਵਿਚ ਹੈ। ਇਹ ਜੈਨ ਧਰਮ ਦੇ ਬਾਨੀ ਦੀ ਯਾਦ ਵਿਚ ਬਣਾਇਆ ਗਿਆ ਹੈ। ਇਸ ਮੰਦਰ ਦੇ ਨਾਲ ਹੀ ਜੈਨ ਧਰਮ ਸਬੰਧੀ ਇਕ ਵਡੀ ਲਾਇਬਰੇਰੀ ਹੈ।

**ਦਰਗਾਹ ਹਜ਼ਰਤ ਨਿਜ਼ਾਮੁਦੀਨ ਔਲੀਆ :**

ਹਮਾਯੂੰ ਦੇ ਮਕਬਰੇ ਦੇ ਨੇੜੇ ਹੀ ਇਹ ਬਹੁਤ ਪ੍ਰਸਿੱਧ ਦਰਗਾਹ ਹੈ ਜੋ ਦਿੱਲੀ ਦੇ ਬੜੀ ਕਰਨੀ ਵਾਲੇ ਮੁਸਲਮ ਫਕੀਰ ਸ਼ੇਖ ਨਿਜ਼ਾਮੁਦੀਨ ਦੀ ਯਾਦ ਵਿਚ ਬਣੀ ਹੋਈ ਹੈ।

ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਤੇ ਮੁਸਲਮਾਨ ਇਥੇ ਦਰਸ਼ਨਾਂ ਲਈ ਆਇਆ ਕਰਦੇ ਸਨ। ਉਸ ਸਮੇਂ ਦੇ ਬਾਦਸ਼ਾਹ ਵੀ ਇਹਨਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਕਰਦੇ ਸਨ। ਅਜ ਕਲ੍ਹ ਵੀ ਵਾਰਸ਼ਿਕ ਉਰਸ ਸਮੇਂ ਲੱਖਾਂ ਦੀ ਗਿਣਤੀ ਵਿੱਚ ਲੋਕੀ ਇਥੇ ਹਾਜ਼ਰ ਹੁੰਦੇ ਹਨ। ਦਰਗਾਹ ਦੇ ਆਸ ਪਾਸ ਦੀ ਬਸਤੀ ਦਾ ਨਾਂ ਨਿਜ਼ਾਮੁਦੀਨ ਪੈ ਗਿਆ ਹੈ। ਇਸ ਨਾਂ ਦਾ ਇਕ ਰੇਲਵੇ ਸਟੇ-ਸ਼ਨ ਵੀ ਇਥੋਂ ਨੇੜੇ ਹੀ ਹੈ।

ਦਰਗਾਹ ਦੀ ਛੋਟੀ ਜਿਹੀ ਇਮਾਰਤ ਸਫੇਦ ਪੱਥਰ ਦੀ ਬਣੀ ਹੋਈ ਹੈ। ਇਸ ਦੇ ਨਾਲ ਹੀ ਵੇਖੋ ਉਹ ਸਾਹਮਣੇ ਚਬੂਤਰਾ ਹੈ ਜਿਸ ਨੂੰ 'ਯਾਰਾਂ ਦਾ ਚਬੂਤਰਾ' ਕਹਿੰਦੇ ਹਨ। ਹਜ਼ਰਤ ਇਸ ਚਬੂਤਰੇ ਤੇ ਹੀ ਬੈਠ ਕੇ ਆਪਣੇ ਸ਼ਿਸ਼ਾਂ ਨੂੰ ਉਪਦੇਸ਼ ਦੇਂਦੇ ਸਨ।

**ਯਾਰਾਂ ਦਾ ਚਬੂਤਰਾ :**

ਸ਼ੇਖ ਨਿਜ਼ਾਮੁਦੀਨ ਸੰਨ 1236 ਈ: ਵਿਚ ਬਦਾਯੋਂ ਵਿਖੇ ਪੈਦਾ ਹੋਏ। ਜਦੋਂ ਇਹ ਕੇਵਲ ਪੰਜ ਸਾਲਾਂ ਦੇ ਹੀ ਸਨ ਉਨ੍ਹਾਂ ਦੇ ਪਿਤਾ ਦੀ ਮ੍ਰਿਤੂ ਹੋ ਗਈ ਸੀ। ਮਗਰੋਂ ਇਹ ਆਪਣੀ ਮਾਂ ਨਾਲ ਦਿੱਲੀ ਆ ਗਏ। ਇਹ ਸ਼ੇਖ ਫਰੀਦ ਸ਼ਕਰ ਗੰਜ ਪਾਕ ਪਟਨ ਵਾਲਿਆਂ ਦੇ ਚੇਲੇ ਹੋਏ ਹਨ। ਇਹ [redacted] ਸਾਲ ਦੀ ਉਮਰ ਪਾ ਕੇ ਸੰਨ 1325 ਈ: ਨੂੰ ਅੱਲਾ ਨੂੰ ਪਿਆਰੇ ਹੋ ਗਏ। ਉਨ੍ਹਾਂ ਦੀ ਸੇਵਾ ਵਿਚ ਬਾਦਸ਼ਾਹ, ਸੁਲਤਾਨ, ਨਵਾਬ ਤੇ ਆਮ ਲੋਕ ਸਾਰੇ ਬੜੀ ਸ਼ਰਧਾ ਨਾਲ ਹਾਜ਼ਰ ਹੁੰਦੇ ਸਨ।

ਇਥੇ ਸਾਲ ਵਿਚ ਦੋ ਵਾਰ ਮੇਲਾ ਲਗਦਾ ਹੈ। ਇਕ ਵਾਰ ਹਜ਼ਰਤ ਨਿਜ਼ਾਮੁਦੀਨ ਦੀ ਯਾਦ ਵਿਚ ਤੇ ਦੂਜੀਵਾਰ ਅਮੀਰ ਖੁਸਰੋ ਦੀ ਮ੍ਰਿਤੂ ਵਾਲੇ ਦਿਨ ਬੜਾ ਭਾਰੀ ਮੇਲਾ ਲਗਦਾ ਹੈ। ਇਨ੍ਹਾਂ ਮੇਲਿਆਂ ਵਿਚ ਹਿੰਦੂ ਸਿਖ ਤੇ ਮੁਸਲਮਾਨ ਸ਼ਾਮਲ ਹੁੰਦੇ [illegible] ਤੇ ਸਾਰੀ ਰਾਤ ਕਵਾਲੀਆਂ ਤੇ ਪ੍ਰਭੂ ਪਿਆਰ ਦੇ ਗੀਤ ਗਾਏ ਜਾਂਦੇ ਹਨ।

**ਬਉਲੀ :**

ਇਸ ਦਰਗਾਹ ਦੇ ਨੇੜੇ ਇਕ ਬਹੁਤ ਵਡੀ ਬਾਉਲੀ ਹੈ ਤੇ ਇਸ ਬਾਉਲੀ ਨੂੰ ਚਸ਼ਮਾ ਦਿਲ-

ਕੂਆ ਵੀ ਕਿਹਾ ਜਾਂਦਾ ਹੈ। ਇਸ ਬਾਉਲੀ ਬਾਰੇ ਇਕ ਰਵਾਇਤ ਪ੍ਰਸਿਧ ਹੈ। ਇਹ ਬਾਉਲੀ ਉਸ ਸਮੇਂ ਬਣ ਰਹੀ ਸੀ ਜਦ ਗਿਆਸੁਦੀਨ ਤੁਗਲਕ ਆਪਣੇ ਨਾਂ ਦਾ ਇਕ ਸ਼ਹਿਰ ਤੁਗ਼ਲਕਾਬਾਦ ਬਣਵਾ ਤੇ ਵਸਾ ਰਿਹਾ ਸੀ। ਬਾਦਸ਼ਾਹ ਦਾ ਹੁਕਮ ਸੀ ਕਿ ਉਸਦੇ ਨਗਰ ਤੇ ਕਿਲ੍ਹੇ ਨੂੰ ਬਣਾਉਣ ਵਾਲੇ ਮਿਸਤਰੀ ਤੇ ਮਜ਼ਦੂਰ ਹੋਰ ਕਿਧਰੇ ਕੰਮ ਨਹੀਂ ਕਰ ਸਕਦੇ। ਇਧਰ ਹਜ਼ਰਤ ਇਹ ਬਾਉਲੀ ਬਣਵਾ ਰਹੇ ਸਨ। ਉਨ੍ਹਾਂ ਪਾਸ ਉਹੀ ਮਿਸਤਰੀ ਮਜ਼ਦੂਰ ਰਾਤ ਨੂੰ ਮਿਸ਼ਾਲਾਂ ਜਗਾ ਕੇ ਕੰਮ ਕਰਦੇ ਸਨ। ਜਦੋਂ ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸਨੇ ਦਰਗਾਹ ਨੂੰ ਤੇਲ ਦੀ ਸਭ ਸਪਲਾਈ ਬੰਦ ਕਰ ਦਿਤੀ। ਹਜ਼ਰਤ ਨੇ ਬਾਉਲੀ ਚੋਂ ਅਜਿਹਾ ਚਾਨਣ ਪੈਦਾ ਕੀਤਾ ਜਿਸ ਨਾਲ ਬਾਉਲੀ ਦਾ ਕੰਮ ਰਾਤਾਂ ਨੂੰ ਵੀ ਚਲਦਾ ਰਿਹਾ। ਬਾਦਸ਼ਾਹ ਨੇ ਬਾਉਲੀ ਦੇ ਪਾਣੀ ਤੇ ਮਿੱਟੀ ਪੁਆ ਦਿਤੀ ਪਰ ਹਜ਼ਰਤ ਨੇ ਫਿਰ ਬਾਉਲੀ ਚੋਂ ਪਾਣੀ ਦਾ ਨਿਕਾਸ ਕਰਕੇ ਇਮਾਰਤ ਦਾ ਕੰਮ ਜਾਰੀ ਰਖਿਆ। ਜਦ ਫਿਰ ਵੀ ਬਾਦਸ਼ਾਹ ਆਪਣੀਆਂ ਵਿਰੋਧੀ ਹਰਕਤਾਂ ਤੋਂ ਬਾਜ਼ ਨਾ ਆਇਆ ਤਾਂ ਹਜ਼ਰਤ ਦੇ ਮੂੰਹੋਂ ਇਹ ਸ਼ਬਦ ਨਿਕਲ ਗਏ, ''ਇਸ ਨਗਰ ਵਿਚ ਗੁਜਰਾਂ ਦੀਆਂ ਭੇਡਾਂ ਬਕ-ਰੀਆਂ ਹੀ ਚਰਿਆ ਕਰਨਗੀਆਂ ਜਾਂ ਫਿਰ ਇਹ ਢਹਿ ਢੇਰੀ ਹੋ ਕੇ ਖੰਡਰ ਬਣ ਜਾਵੇਗਾ'' ਸਚਮੁਚ ਅੱਜ ਤੁਗਲਕਾਬਾਦ ਵਿਚ ਖੰਡਰ ਹੀ ਖੰਡਰ ਮਿਲਦੇ ਹਨ ਅਤੇ ਚਰਵਾਹੇ ਭੇਡਾਂ ਤੇ ਗਾਵਾਂ ਚਰਾਉਂਦੇ ਨਜ਼ਰ ਆਉਂਦੇ ਹਨ।

ਕਾਂਡ—ਅੱਠਵਾਂ

# ਦਿੱਲੀ ਦੇ ਬਾਗ਼ ਬਗ਼ੀਚੇ

**ਰੋਸ਼ਨਾਰਾ ਗਾਰਡਨ :**

ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦੀ ਛੋਟੀ ਬੇਟੀ ਰੋਸ਼ਨਾਰਾ ਦੀ ਯਾਦ ਵਿਚ ਪੁਰਾਣੀ ਸਬਜ਼ੀ ਮੰਡੀ, ਘੰਟਾ ਘਰ ਦੇ ਨੇੜੇ ਇਕ ਬਹੁਤ ਸੁੰਦਰ ਬਾਗ਼ ਹੈ, ਜਿਸ ਦਾ ਨਾਂ ਰੋਸ਼ਨਾਰਾ ਗਾਰਡਨ ਹੈ। ਰੋਸ਼ਨਾਰਾ ਦੀ ਮ੍ਰਿਤੂ ਸੰਨ 1671 ਵਿਚ ਹੋ ਗਈ ਸੀ। ਉਸ ਦਾ ਮਕਬਰਾ ਇਸ ਬਾਗ਼ ਵਿਚ ਹੀ ਬਣਿਆ ਹੋਇਆ ਹੈ। ਇਸ ਬਾਗ਼ ਵਿਚ ਬਹੁਤ ਸਾਰੇ ਬ੍ਰਿਛ, ਘਾਹ ਤੇ ਰੰਗ ਬਰੰਗੇ ਫੁਲ ਬੜੇ ਪਿਆਰੇ ਲਗਦੇ ਹਨ।

**ਲੋਧੀ ਗਾਰਡਨ :**

ਔਹ ਸਾਹਮਣੇ ਦਿੱਲੀ ਦੀ ਨਵੀਨ ਬਸਤੀ ਲੋਧੀ ਰੋਡ ਹੈ। ਉਸ ਦੇ ਨੇੜੇ ਹੀ ਲੋਧੀ ਗਾਰਡਨ ਹੈ। ਇਸ ਬਾਗ਼ ਨੇ ਬਹੁਤ ਸਾਰੀ ਧਰਤੀ ਘੇਰੀ ਹੋਈ ਹੈ। ਇਸ ਵਿਚ ਬਹੁਤ ਸਾਰੇ ਛਾਂ ਦਾਰ ਦਰਖ਼ਤ ਤੇ ਕਈ ਕਿਸਮਾਂ ਦੇ ਫੁੱਲ ਹਨ। ਇਹ ਬਾਗ਼ ਲੋਧੀ ਬਾਦਸ਼ਾਹ ਦੀ ਯਾਦ ਦਿਵਾਉਂਦਾ ਹੈ। ਇਸ ਵਿਚ ਕਈ ਵੱਡੇ ਵੱਡੇ ਗੁੰਬਦ ਵੀ ਹਨ।

**ਨਹਿਰੂ ਗਾਰਡਨ :**

ਭਾਰਤ ਦਾ ਇਹ ਇਕ ਬਹੁਤ ਵੱਡਾ ਹੋਟਲ-ਅਸ਼ੋਕਾ ਹੋਟਲ ਹੈ। ਜਿਸ ਪਾਸ ਅਸੀਂ ਇਸ ਸਮੇਂ ਖੜੋਤੇ ਹਾਂ। ਉਸ ਦੇ ਨਾਲ ਕਰਕੇ ਔਹ ਸਾਹਮਣੇ ਇਕ ਬਹੁਤ ਵੱਡਾ ਨਹਿਰੂ ਗਾਰਡਨ ਹੈ। ਹੁਣ ਅਸੀਂ ਇਸ ਵਿਚ ਦਾਖ਼ਲ ਹੁੰਦੇ ਹਾਂ। ਇਸ ਵਿਚ ਕਈ ਉਚੇ ਨੀਵੇਂ ਟਿਲੇ ਵੀ ਹਨ। ਸਾਹਮਣੇ ਪਾਸੇ ਦੁਨੀਆਂ ਦੇ ਕਈ ਦੇਸ਼ਾਂ ਦੇ ਦੂਤ ਘਰ ਹਨ। ਇਸ ਬਸਤੀ ਨੂੰ ਚਾਣਕੀਆ ਪੁਰੀ ਕਹਿੰਦੇ ਹਨ। ਇਸ ਬਾਗ਼ ਵਿਚ ਨਵੀਨ ਕਿਸਮ ਦੇ ਫੁੱਲ ਲਗਾਏ ਗਏ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੀ ਯਾਦ ਵਿਚ ਇਹ ਬਾਗ਼ ਬਣਾਇਆ ਗਿਆ ਹੈ। ਨਹਿਰੂ ਜੀ ਸਾਰੀ ਦੁਨੀਆਂ ਦੀਆਂ ਅੱਖਾਂ ਦੇ ਤਾਰੇ ਸਨ। ਬੱਚਿਆਂ ਦੇ ਤਾਂ ਉਹ ਬਹੁਤ

ਪਿਆਰੇ ਚਾਚਾ ਜੀ ਸਨ । ਇਸ ਬਾਗ ਦੀ ਸੈਰ ਕਰਦਿਆਂ ਸਾਨੂੰ ਆਪਣੇ ਇਸ ਮਹਾਨ ਨੇਤਾ ਦੀ ਪਿਆਰੀ ਯਾਦ ਆ ਜਾਂਦੀ ਹੈ । ਉਹ ਬੱਚਿਆਂ ਨੂੰ ਤੇ ਫੁੱਲਾਂ ਨੂੰ ਬਹੁਤ ਪਿਆਰ ਕਰਦੇ ਸਨ ।

**ਬੁੱਧਾ ਗਾਰਡਨ :**

ਮਹਾਤਮਾ ਬੁਧ-ਜੀ ਦੀ ਯਾਦ ਵਿਚ ਇਹ ਬਾਗ ਬਣਾਇਆ ਗਿਆ । ਇਸ ਨੂੰ ਬੁਧਾ ਵਿਹਾਰ ਵੀ ਕਿਹਾ ਜਾਂਦਾ ਹੈ । ਇਹ ਬਾਗ ਕਈ ਮੀਲਾਂ ਵਿਚ ਪਸਰਿਆ ਹੋਇਆ ਹੈ । ਇਹ ਬਾਗ ਰਾਸ਼ਟਰ-ਪਤੀ ਭਵਨ ਦੇ ਨੇੜੇ ਹੀ ਹੈ । ਧੌਲਾ ਕੂਆਂ ਤੋਂ ਇਸ ਬਾਗ ਨੂੰ ਸੜਕ ਜਾਂਦੀ ਹੈ । ਇਸ ਬਾਗ ਵਿਚ ਕਈ ਵੱਡੀਆਂ ਚਟਾਨਾਂ ਵੀ ਹਨ । ਸੈਰ ਕਰਦਿਆਂ ਇਉਂ ਜਾਪਦਾ ਹੈ ਜਿਵੇਂ ਅਸੀਂ ਕਿਸੇ ਪਹਾੜ ਤੇ ਘੁੰਮ ਰਹੇ ਹੋਈਏ । ਇਸ ਬਾਗ ਵਿਚ ਦੁਨੀਆਂ ਭਰ ਦੇ ਫੁੱਲ ਲਿਆ ਕੇ ਲਗਾਏ ਗਏ ਹਨ । ਇਸ ਬਾਗ ਨੂੰ ਜਾਪਾਨੀ ਗਾਰਡਨ ਵੀ ਕਿਹਾ ਜਾਂਦਾ ਹੈ, ਕਿਉਂਕਿ ਜਾਪਾਨ ਤੋਂ ਵੀ ਬਹੁਤ ਸਾਰੇ ਫੁੱਲ ਲਿਆ ਕੇ ਇਥੇ ਲਗਾਏ ਗਏ ਹਨ । ਸਾਹਮਣੇ ਵੇਖੋ ਸੈਂਕੜਿਆਂ ਦੀ ਗਿਣਤੀ ਵਿਚ ਸਕੂਲ ਦੇ ਵਿਦਿਆਰਥੀ ਬ੍ਰਿਛਾਂ ਹੇਠਾਂ ਬੈਠੇ ਆਪੋ ਆਪਣੇ ਡੱਬੇ ਖੋਲ੍ਹ ਕੇ ਖਾਣਾ ਖਾ ਰਹੇ ਹਨ । ਕਈ ਖੇਡ ਰਹੇ ਹਨ, ਕੁਝ ਦੌੜ ਲਗਾ ਰਹੇ ਹਨ । ਇਹ ਪਿਕਨਿਕ ਤੇ ਆਏ ਲਗਦੇ ਹਨ । ਆਉ, ਅਸੀਂ ਵੀ ਥੈਲਿਆਂ 'ਚੋਂ ਆਪਣਾ ਖਾਣਾ ਕਢੀਏ ਤੇ ਇਥੇ ਹੀ ਬੈਠ ਕੇ ਖਾਣਾ ਖਾਈਏ । ਵੇਖੋ ਇਥੋਂ ਦੇ ਫੁੱਲਾਂ ਦੀ ਕਿੰਨੀ ਸੁਗੰਧੀ ਆ ਰਹੀ ਹੈ । ਸਕੂਲਾਂ ਦੇ ਬੱਚੇ ਇਥੇ ਪਹੁੰਚ ਕੇ ਇਵੇਂ ਟਹਿਕਦੇ ਹਨ ਜਿਵੇਂ ਇਥੋਂ ਦੇ ਰੰਗ ਬਰੰਗੇ ਫੁੱਲ ।

**ਡੀਅਰ ਗਾਰਡਨ :**

ਹੌਜ਼ ਖਾਸ ਦੇ ਨਾਲ ਕਰਕੇ ਹੀ ਹੁਣ ਕੁਝ ਸਾਲ ਹੋਏ ਡੀਅਰ ਗਾਰਡਨ ਬਣਿਆ ਹੈ । ਅਸੀਂ ਹੌਜ਼ ਖਾਸ ਤੋਂ ਹੋ ਕੇ ਇਥੇ ਪਹੁੰਚਦੇ ਹਾਂ । ਇਸ ਬਾਗ ਵਿਚ ਵੱਖ ਵੱਖ ਦੇਸ਼ਾਂ ਦੇ ਵੱਖ ਵੱਖ ਕਿਸਮਾਂ ਦੇ ਰੰਗਾਂ ਤੇ ਨਸਲਾਂ ਦੇ ਹਿਰਨ ਮੌਜੂਦ ਹਨ । ਵੇਖੋ ਸਾਹਮਣੇ ਹਿਰਨ ਕਿਵੇਂ ਟਪੂਸੀਆਂ ਮਾਰ ਰਹੇ ਹਨ । ਇਨ੍ਹਾਂ ਦੇ ਇਰਦ ਗਿਰਦ ਬੜਾ ਉਚਾ ਤਾਰਾਂ ਦਾ ਜੰਗਲਾ ਹੈ । ਇਨ੍ਹਾਂ ਨੂੰ ਇਸ ਜੰਗਲੇ ਅੰਦਰ ਹੀ ਖੁਰਾਕ ਤੇ ਪਾਣੀ ਮਿਲ ਜਾਂਦਾ ਹੈ । ਕਈ ਹਿਰਨ ਤਾਂ ਬਿਲਕੁਲ ਛੋਟੇ ਕਦ ਦੇ ਹਨ ਤੇ ਕਈ ਬਹੁਤ ਵਡੇ ਕਦ ਦੇ ਜੋ ਕਦੇ ਅਸੀਂ ਪਹਿਲਾਂ ਵੇਖੇ ਹੀ ਨਹੀਂ । ਡੀਅਰ ਗਾਰਡਨ ਵੇਖਣ ਦਾ ਟਿਕਟ ਨਹੀਂ ਲਗਦਾ, ਪਰ ਇਹ ਸਾਰਾ ਦਿਨ ਖੁਲ੍ਹਾ ਨਹੀਂ ਰਹਿੰਦਾ । ਇਹ ਕੇਵਲ ਸਵੇਰੇ ਤੇ ਸ਼ਾਮ ਨੂੰ ਖੁਲ੍ਹਦਾ ਹੈ । ਹਿਰਨ ਬੜਾ ਪਿਆਰਾ ਜਾਨਵਰ ਹੈ । ਇਹ ਬੜਾ ਤੇਜ਼ ਦੌੜਦਾ ਹੈ । ਵੇਖੋ ਉਹ ਧਰਤੀ ਰੰਗਾ ਹਿਰਨ ਕਿਨੀਆਂ ਤੇਜ਼ ਟਪੂਸੀਆਂ ਮਾਰਦਾ ਸਾਡੀਆਂ ਨਜ਼ਰਾਂ ਤੋਂ ਉਹਲੇ ਹੋ ਗਿਆ ਹੈ ।

**ਮੁਗਲ ਗਾਰਡਨ :**

ਇਹ ਬਾਗ ਰਾਸ਼ਟਰਪਤੀ ਭਵਨ ਅੰਦਰ ਹੈ ਤੇ ਸਾਲ ਵਿਚ ਸਿਰਫ ਇਕ ਮਹੀਨਾ ਖੁਲ੍ਹਦਾ ਹੈ । ਇਸ ਬਾਗ ਵਿਚ ਵੀ ਤਰ੍ਹਾਂ ਤਰ੍ਹਾਂ ਦੇ ਖੁਸ਼ਬੂਆਂ ਖਿਲਾਰਦੇ ਫੁੱਲ ਹਨ । ਬਹੁਤ ਸਾਰੇ ਬ੍ਰਿਛ ਹਨ ।

**ਤਾਲਕਟੋਰਾ ਗਾਰਡਨ :**

ਮੁਗਲ ਗਾਰਡਨ ਤੋਂ ਨਿਕਲਦਿਆਂ ਹੀ ਪਿਛਲੇ ਪਾਸੇ ਵਲ ਤਾਲਕਟੋਰਾ ਗਾਰਡਨ ਹੈ ।

ਅਸੀਂ ਇਸ ਦੇ ਸਾਹਮਣੇ ਵਾਲੇ ਗੇਟ 'ਚੋਂ ਅੰਦਰ ਲੰਘਦੇ ਹਾਂ। ਵੇਖੋ ਸਾਹਮਣੇ ਕਿੰਨਾ ਵਡਾ ਬਾਗ਼ ਹੈ। ਘਾਹ ਦੇ ਕਿੰਨੇ ਵਡੇ ਵਡੇ ਖਿਤੇ ਹਨ । ਰੰਗ ਬਰੰਗੇ ਫੁੱਲ ਕਿੰਨੀ ਬਹਾਰ ਦੇਂਦੇ ਹਨ। ਬੱਚੋ! ਬੱਚਿਆ ਇਥੋਂ ਫੁੱਲ ਨਾ ਤੋੜੋ । ਫੁੱਲ ਸਿਰਫ ਵੇਖਣ ਲਈ ਹੁੰਦੇ ਹਨ ਨਾ ਕਿ ਤੋੜਨ ਲਈ । ਅਸੀਂ ਥੋੜ੍ਹਾ ਅਗੇ ਵਧਦੇ ਹਾਂ ਤਾਂ ਪਾਣੀ ਦੇ ਕਿੰਨੇ ਪਿਆਰੇ ਫੁਆਰੇ ਚਲਦੇ ਦਿਖਾਈ ਦੇਂਦੇ ਹਨ । ਇਹ ਕਾਫ਼ੀ ਲੰਬਾ ਚੌੜਾ ਬਾਗ ਹੈ । ਹਰ ਸਾਲ 26 ਜਨਵਰੀ ਨੂੰ ਭਾਰਤ ਦੇ ਸਭ ਪ੍ਰਾਂਤਾਂ ਤੋਂ ਜੋ ਲੜਕੀਆਂ ਲੜਕੇ, ਕਲਾਕਾਰ ਤੇ ਖਿਡਾਰੀ ਇਸ ਸਮਾਗਮ ਵਿਚ ਹਿਸਾ ਲੈਣ ਆਉਂਦੇ ਹਨ, ਉਹ ਇਥੇ ਹੀ ਆ ਕੇ ਠਹਿਰਦੇ ਹਨ। ਇਥੇ ਉਨ੍ਹਾਂ ਦੀ ਕਈ ਕਈ ਦਿਨ ਰੀਹਰਸਲ ਹੁੰਦੀ ਰਹਿੰਦੀ ਹੈ। ਇਸ ਮਗਰੋਂ 26 ਜਨਵਰੀ ਨੂੰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਤੋਂ ਆਏ ਮਹਿਮਾਨਾਂ ਤੇ ਲੱਖਾਂ ਭਾਰਤ ਵਾਸੀਆਂ ਸਾਹਮਣੇ ਇਹ ਕਲਾਕਾਰ ਆਪਣਾ ਪ੍ਰੋਗਰਾਮ ਪੇਸ਼ ਕਰਦੇ ਹਨ ।



ਚਿੱਤਰ ਨੰ: 15—ਰਾਸ਼ਟਰਪਤੀ ਭਵਨ

ਕਾਂਡ—ਨੌਵਾਂ

# ਬੱਚਿਆਂ ਦੀ ਦਿੱਲੀ

**ਰਾਜ ਘਾਟ (ਗਾਂਧੀ ਜੀ ਦੀ ਸਮਾਧੀ)**

ਬੱਚਿਓ ! ਅਸੀਂ ਦਿੱਲੀ ਯਾਤਰਾ ਲਈ ਆਏ ਹਾਂ । ਅਸੀਂ ਦਿੱਲੀ ਦੇ ਇਤਿਹਾਸਕ ਅਸਥਾਨ, ਧਾਰਮਕ ਅਸਥਾਨ ਤੇ ਦਿੱਲੀ ਦੇ ਬਾਗ ਬਗੀਚੇ ਵੇਖੇ ।

ਅਜ 30 ਜਨਵਰੀ ਹੈ । ਅਜ ਸਵੇਰੇ ਸਵੇਰੇ ਅਸੀਂ ਦੇਸ਼ ਪਿਤਾ ਮਹਾਤਮਾ ਗਾਂਧੀ ਜੀ ਦੀ ਸਮਾਧੀ ਜਾਣਾ ਹੈ । ਬਸ ਆ ਗਈ ਹੈ । ਸਭ ਇਸ ਤੇ ਸਵਾਰ ਹੋ ਜਾਓ । ਰਾਤ ਅਸੀਂ ਲੋਧੀ ਰੋਡ ਠਹਿਰੇ ਸਾਂ । ਹੁਣ ਅਸੀਂ ਪੁਰਾਣੇ ਕਿਲ੍ਹੇ ਪਾਸੋਂ ਲੰਘਦੇ ਹੋਏ ਰਿੰਗ ਰੋਡ ਤੇ ਪੈ ਗਏ ਹਾਂ । ਇਹ ਸਾਹਮਣੇ ਸਜੇ ਹੱਥ ਮਹਾਤਮਾ ਜੀ ਦੀ ਸਮਾਧੀ ਹੈ । ਬਸ ਵਿਚੋਂ ਉਤਰ ਕੇ ਅਸੀਂ ਬਾਪੂ ਜੀ ਦੇ ਅੰਤਮ ਸੰਸਕਾਰ ਵਾਲੀ ਥਾਂ ਪਹੁੰਚਦੇ ਹਾਂ । ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਦੇਸ਼ ਪਿਤਾ ਦਾ ਬਹੁਤ ਵੱਡਾ ਹੱਥ ਹੈ । 30 ਜਨਵਰੀ,1948 ਨੂੰ ਇਕ ਸਿਰ-ਫਿਰੇ ਨੌਜਵਾਨ ਨੇ ਉਨ੍ਹਾਂ ਉਤੇ ਗੋਲੀ ਚਲਾਕੇ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ । ਵੇਖੋ ਦੇਸ਼ ਦੇ ਵਡੇ ਵਡੇ ਨੇਤਾ ਲੋਕ,ਵਜ਼ੀਰ ਅਮੀਰ ਸਭ ਆਪਣੀ ਸ਼ਰਧਾਂਜਲੀ ਭੇਟ ਕਰਨ ਲਈ ਇਥੇ ਪੁਜੇ ਹਨ । ਅਸੀਂ ਵੀ ਉਨ੍ਹਾਂ ਦੀ ਯਾਦ ਵਿਚ ਸਿਰ ਨਿਵਾਂਦੇ ਹਾਂ ।

**ਸ਼ਾਂਤੀ ਵਣ :**

ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਸਨ । ਉਹ 17 ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਰਹੇ । ਉਹ ਬੱਚਿਆਂ ਨੂੰ ਬੜਾ ਪਿਆਰ ਕਰਦੇ ਸਨ । ਬੱਚੇ ਵੀ ਉਨ੍ਹਾਂ ਨੂੰ ਪਿਆਰ ਨਾਲ ਚਾਚਾ ਨਹਿਰੂ ਕਹਿਕੇ ਬੁਲਾਂਦੇ ਸਨ । ਉਨ੍ਹਾਂ ਦੀ 1964 ਵਿਚ ਮਿਰਤੂ ਹੋ ਗਈ । ਇਹ ਨਾਲ ਲਗਵੀਂ ਸਮਾਧੀ ਉਹਨਾਂ ਦੀ ਯਾਦ ਵਿਚ ਬਣੀ ਹੈ । ਆਓ ਆਪਣੇ ਚਾਚਾ ਜੀ ਨੂੰ ਨਮਸਕਾਰ ਕਰੀਏ ।.........ਆਓ ਹੁਣ ਅਸੀਂ ਸਿਧੇ ਰਾਸ਼ਟਰਪਤੀ ਭਵਨ ਚਲੀਏ ।

**ਰਾਸ਼ਟਰਪਤੀ ਭਵਨ :**

ਸੰਨ 1947 ਵਿਚ ਸਾਡਾ ਦੇਸ਼ ਆਜ਼ਾਦ ਹੋਇਆ । ਆਜ਼ਾਦੀ ਤੋਂ ਕੇਵਲ 36 ਸਾਲ

ਪਹਿਲਾਂ (ਸੰਨ 1911 ਈ: ਵਿਚ) ਅੰਗਰੇਜ਼ਾਂ ਨੇ ਸ਼ਾਹੀ ਦਰਬਾਰ ਮਗਰੋਂ ਕਲਕਤੇ ਦੀ ਥਾਂ ਦਿੱਲੀ ਨੂੰ ਰਾਜਧਾਨੀ ਬਣਾਇਆ। ਉਸ ਪਿਛੋਂ ਨਵੀਂ ਦਿੱਲੀ ਦੀ ਬੁਨਿਆਦ ਰਖੀ ਗਈ। ਸਰ ਲਯੂਟੇਨ ਤੇ ਸਰ ਹਰਬਰਟ ਬੇਕਰ ਨੇ ਨਵੀਂ ਦਿੱਲੀ ਦਾ ਬੜਾ ਸੁੰਦਰ ਡੀਜ਼ਾਈਨ ਬਣਾਇਆ। ਰਾਸ਼ਟਰਪਤੀ ਭਵਨ, ਸਰਕਾਰੀ ਦਫ਼ਤਰ, ਪਾਰਲੀਮੈਂਟ ਹਾਊਸ ਤੇ ਇੰਡੀਆ ਗੇਟ ਵਰਗੀਆਂ ਸ਼ਾਹਾਨਾ ਤੇ ਸੁੰਦਰ ਇਮਾਰਤਾਂ ਬਣੀਆਂ। ਉਦੋਂ ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਕਲਕਤਾ ਛੱਡਕੇ ਨਵੀਂ ਦਿਲੀ ਨੂੰ ਰਾਜਧਾਨੀ ਬਣਾਉਣ ਮਗਰੋਂ ਕੁਝ ਸਾਲਾਂ ਵਿਚ ਹੀ ਉਨ੍ਹਾਂ ਦਾ ਆਪਣਾ ਬਿਸਤਰਾ ਬੋਰੀਆ ਕੇਵਲ ਦਿੱਲੀ ਤੋਂ ਨਹੀਂ ਸਗੋਂ ਸਾਰੇ ਭਾਰਤ ਤੋਂ ਹੀ ਗੋਲ ਹੋ ਜਾਣਾ ਹੈ।

ਸਾਹਮਣੇ ਰਾਸ਼ਟਰਪਤੀ ਭਵਨ ਦੀ ਸ਼ਾਨਦਾਰ ਇਮਾਰਤ ਹੈ। ਇਸ ਦੇ ਚਾਰੇ ਪਾਸੇ ਕੇਂਦਰੀ ਸਰਕਾਰ ਦੇ ਦਫਤਰ ਹਨ। ਅੰਗਰੇਜ਼ਾਂ ਵੇਲੇ ਇਹ ਵਾਇਸਰਾਏ ਭਵਨ ਸੀ। ਉਦੋਂ ਵਾਇਸਰਾਏ ਗਰਮੀਆਂ ਵਿਚ ਸ਼ਿਮਲੇ ਤੇ ਸਰਦੀਆਂ ਵਿਚ ਨਵੀਂ ਦਿੱਲੀ ਰਿਹਾ ਕਰਦਾ ਸੀ। ਰਾਸ਼ਟਰਪਤੀ ਭਵਨ ਵੜਦਿਆਂ ਹੀ ਸਾਹਮਣੇ ਦਰਬਾਰ ਹਾਲ ਹੈ। ਜਿਸ ਦਾ ਗੁੰਬਦ ਬੋਧੀ ਮੰਦਰਾਂ ਨਾਲ ਮਿਲਦਾ ਜੁਲਦਾ ਹੈ। ਇਸ ਦੇ ਨਾਲ ਬਹੁਤ ਸਾਰੇ ਕਮਰੇ ਹਨ। ਇਕ ਵਡਾ ਸਾਰਾ ਖਾਣਾ ਖਾਣ ਦਾ ਹਾਲ ਕਮਰਾ ਤੇ ਲਾਇਬਰੇਰੀ ਵੀ ਹੈ। ਨਾਲ ਹੀ ਇਕ ਬਹੁਤ ਸੁੰਦਰ ਬਾਗ਼ ਹੈ, ਜਿਸ ਨੂੰ ਮੁਗ਼ਲ ਗਾਰਡਨ ਕਿਹਾ ਜਾਂਦਾ ਹੈ। ਇਸ ਵਿਚ ਵਖ ਵਖ ਕਿਸਮਾਂ ਦੇ ਰੰਗ ਬਰੰਗੇ ਫੁਲ ਖੁਸ਼ਬੂਆਂ ਖਿਲਾਰਦੇ ਹਨ। ਰਾਸ਼ਟਰਪਤੀ ਭਵਨ ਵਿਚ 340 ਕਮਰੇ ਹਨ ਤੇ ਸਾਰੀ ਧਰਤੀ ਦਾ ਰਕਬਾ 330 ਏਕੜ ਹੈ।

**ਵਿਜੇ ਚੌਕ :**

ਰਾਸ਼ਟਰਪਤੀ ਭਵਨ ਤੋਂ ਨਿਕਲ ਕੇ ਅਸੀਂ ਵਿਜੇ ਚੌਂਕ ਪਹੁੰਚਦੇ ਹਾਂ। ਅਗੇ ਦੋਹੀਂ ਪਾਸੀਂ ਮੀਲਾਂ ਤੀਕ ਪਸਰੇ ਘਾਹ ਦੇ ਖੂਬਸੂਰਤ ਮੈਦਾਨ ਹਨ ਨਾਲ ਹੀ ਇਕ ਛੋਟੀ ਨਹਿਰ ਹੈ। ਇਸ ਵਿਚ ਛੋਟੀਆਂ ਛੋਟੀਆਂ ਕਿਸ਼ਤੀਆਂ ਵਿਚ ਬੈਠਕੇ ਲੋਕ ਸੈਰ ਕਰਦੇ ਹਨ ਹਨ ਤੇ ਪਿਕਨਿਕ ਮਨਾਂਦੇ ਹਨ। ਇਸ ਵਕਤ ਅਸੀਂ ਬੋਟ ਕਲਬ ਪਾਸ ਬੈਠਕੇ ਖਾਣਾ ਖਾ ਰਹੇ ਹਾਂ। ਸਾਹਮਣੇ ਇੰਡੀਆ ਗੇਟ ਦਿਸ ਰਿਹਾ ਹੈ। ਉਥੇ ਪਾਕਿਸਤਾਨ ਨਾਲ ਹੋਈ ਲੜਾਈ ਦੀ ਜਿਤ ਦੀ ਖੁਸ਼ੀ ਵਿਚ ਚੌਵੀ ਘੰਟੇ ਜੋਤ ਜਗਦੀ ਰਹਿੰਦੀ ਹੈ। ਉਸ ਦੇ ਨਾਲ ਹੀ ਕੁਝ ਫੌਜੀ ਸਿਪਾਹੀ ਖੜੋਤੇ ਆਪਣੀ ਡਿਊਟੀ ਦੇ ਰਹੇ ਹਨ।

**ਪਾਰਲੀਮੈਂਟ ਹਾਊਸ :**

ਇਥੋਂ ਥੋੜਿਆਂ ਹੀ ਸਾਹਮਣੇ ਸੱਜੇ ਹੱਥ ਪਾਰਲੀਮੈਂਟ ਹਾਊਸ ਦੀ ਗੋਲ ਇਮਾਰਤ ਵਿਖਾਈ ਦੇਂਦੀ ਹੈ ਜੋ ਵਿਜੇ ਚੌਂਕ ਦੇ ਸੱਜੇ ਪਾਸੇ ਹੈ। ਜਦੋਂ ਅੰਗਰੇਜ਼ਾਂ ਨੇ ਇਹ ਸ਼ਾਹਾਨਾ ਤੇ ਸ਼ਾਨਦਾਰ ਇਮਾਰਤ ਬਣਵਾਈ ਸੀ, ਉਦੋਂ ਇਸ ਵਿਚ ਭਾਰਤ ਦੀਆਂ ਸਭ ਰਿਆਸਤਾਂ ਦੇ ਰਾਜਿਆਂ ਤੇ ਨਵਾਬਾਂ ਦੀ ਮਿਲੀ ਜੁਲੀ ਇਕ ਸੰਸਥਾ ''ਚੈਂਬਰ ਆਫ ਪ੍ਰਿੰਸਿਜ਼'' ਦੀਆਂ ਮੀਟਿੰਗਾਂ ਹੁੰਦੀਆਂ ਸਨ। ਕੇਂਦਰੀ ਲੇਜਿਸਲੇਟਿਵ ਅਸੈਂਬਲੀ ਦੀਆਂ ਮੀਟਿੰਗਾਂ ਵੀ ਇਸੇ ਇਮਾਰਤ ਵਿਚ ਬੁਲਾਈਆਂ ਜਾਂਦੀਆਂ ਸਨ। ਅਜ ਕਲ੍ਹ ਇਥੇ ਲੋਕ ਸਭਾ ਦੇ ਇਜਲਾਸ ਹੁੰਦੇ ਹਨ।



ਚਿੱਤਰ ਨੰ: 14—ਪਾਰਲੀਮੈਂਟ ਹਾਊਸ

ਨਵੀਂ ਦਿੱਲੀ ਵਿਚ ਸਭ ਤੋਂ ਵਧ ਦਿਲਚਸਪੀ ਦਾ ਕੇਂਦਰੀ ਕਨਾਟ ਪਲੇਸ ਹੈ ਜਿਸ ਵਿਚਕਾਰ ਇਕ ਬਹੁਤ ਵਡਾ ਫਵਾਰਾ ਹੈ। ਚੁਫਾਸੀਂ ਰੋਸ਼ਨੀਆਂ ਹਨ। ਫਵਾਰਾ ਬਹੁਤ ਉਚਾ ਪਾਣੀ ਸੁਟਦਾ ਹੈ। ਇਹ ਫਵਾਰਾ, ਰੰਗ ਬਰੰਗੀਆਂ ਰੋਸ਼ਨੀਆਂ ਵਿਚ ਬਹੁਤ ਸੁੰਦਰ ਲਗਦਾ ਹੈ। ਫਵਾਰੇ ਦੇ ਨੇੜੇ ਹੀ ਨਵੀਂ ਦਿੱਲੀ ਦੀ ਨਗਰ ਪਾਲਕਾ ਨੇ ਇਕ ਬਹੁਤ ਵਧੀਆ ਤੇ ਸੁੰਦਰ ਮਾਰਕੀਟ ਬਣਾਈ ਹੈ ਜਿਸ ਨੂੰ ਪਾਲਕਾ ਬਾਜ਼ਾਰ ਕਹਿੰਦੇ ਹਨ। ਇਥੇ ਚਾਰੇ ਪਾਸੇ ਵੱਡੀਆਂ ਵੱਡੀਆਂ ਦੁਕਾਨਾਂ ਹਨ। ਨਾਲ ਹੀ ਬੈਂਕ ਅਤੇ ਹਵਾਈ ਕੰਪਨੀਆਂ ਆਦਿ ਦੇ ਦਫ਼ਤਰ ਵੀ ਹਨ। ਇਥੇ ਚਾਰ ਵਡੇ ਸਿਨਮੇ ਘਰ ਰੀਗਲ, ਰੀਵੋਲੀ, ਓਡੀਅਨ ਤੇ ਪਲਾਜ਼ਾ ਹਨ।

ਅੰਗ੍ਰੇਜ਼ਾਂ ਦੇ ਯੁਗ ਵਿਚ ਨਵੀਂ ਦਿੱਲੀ ਵਿਚ ਭਾਰਤ ਦੀਆਂ ਬਹੁਤ ਸਾਰੀਆਂ ਰਿਆਸਤਾਂ ਦੇ ਵਡੇ ਵਡੇ ਭਵਨ ਬਣੇ ਸਨ ਜਿਵੇਂ ਕਿ ਹੈਦਰਾਬਾਦ ਹਾਊਸ, ਬੜੌਦਾ ਹਾਊਸ, 'ਪਟਿਆਲਾ ਹਾਊਸ, ਫਰੀਦਕੋਟ ਹਾਊਸ, ਬਹਾਵਲਪੁਰ ਹਾਊਸ, ਇਨ੍ਹਾਂ ਦੇ ਨੇੜੇ ਹੀ ਅੰਗ੍ਰੇਜ਼ਾਂ ਨੇ ਭਾਰਤ ਦੇ ਅਮੀਰ ਲੋਕਾਂ ਨੂੰ ਆਪਣੇ ਬੰਗਲੇ ਨਵੀਂ ਦਿੱਲੀ ਵਿਚ ਉਸਾਰਨ ਦੀ ਪ੍ਰੇਰਨਾ ਦਿਤੀ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਨਵੀਨ ਢੰਗ ਦੇ ਬੰਗਲੇ ਉਸਾਰੇ ਗਏ। ਹੁਣ ਨਵੀਂ ਦਿੱਲੀ ਵਿਚ ਬਹੁਤ ਸੁੰਦਰ ਇਮਾਰਤਾਂ ਤੇ ਵਡੇ ਵਡੇ ਪਾਰਕ ਹਨ। ਖੁਲ੍ਹੀਆਂ ਸੜਕਾਂ ਦੇ ਆਲੇ ਦੁਆਲੇ ਵਡੇ ਵਡੇ ਛਾਂ ਦਾਰ ਦਰਖ਼ਤ ਹਨ। ਇਨ੍ਹਾਂ ਦਰਖ਼ਤਾਂ ਨਾਲ ਦਿੱਲੀ ਦੁਲਹਨ ਵਾਂਗ ਸਜੀ ਲਗਦੀ ਹੈ।

### ਸੁਪਰ ਬਜ਼ਾਰ :

ਦਿੱਲੀ ਵਾਲਿਆਂ ਨੂੰ ਨਿਸਚਿਤ ਕੀਮਤਾਂ ਤੇ ਰੋਜ਼ਾਨਾ ਲੋੜ ਦੀਆਂ ਚੀਜ਼ਾਂ ਖਰੀਦਣ ਸਮੇਂ ਬਹੁਤ ਕਠਨਾਈ ਹੁੰਦੀ ਸੀ। ਜੋ ਦਿੱਲੀ ਸਰਕਾਰ ਵਲੋਂ ਪਿਛਲੇ ਕੁਝ ਸਾਲਾਂ ਤੋਂ ਸੁਪਰ ਬਜ਼ਾਰ ਨਾਂ ਦਾ ਇਕ ਬਹੁਤ ਵਡਾ ਵਪਾਰ ਕੇਂਦਰ ਖੁਲ੍ਹ ਗਿਆ ਹੈ, ਜਿਥੇ ਹਰ ਕਿਸਮ ਦਾ ਸਮਾਨ ਨਿਸਚਿਤ ਕੀਮਤ ਤੇ ਖਰੀਦਿਆ ਜਾ ਸਕਦਾ ਹੈ। ਇਥੇ ਲੂਣ, ਤੇਲ ਸਾਬਣ ਤੇ ਅੰਨ ਪਾਣੀ ਤੋਂ ਲੈ ਕੇ ਹਰ ਪ੍ਰਕਾਰ ਦੇ ਠੰਡੇ ਗਰਮ ਕਪੜੇ ਰੇਡੀਓ, ਟੀ. ਵੀ. ਸੈਟ ਤੇ ਦਵਾਈਆਂ ਆਦਿ ਬੜੀ ਅਸਾਨੀ ਨਾਲ ਮਿਲ ਜਾਂਦੀਆਂ ਹਨ।

ਕਨਾਟਪਲੇਸ ਤੇ ਸੁਪਰ ਬਜ਼ਾਰ ਤੋਂ ਦਿਲੀ ਦੀ ਹਰ ਬਸਤੀ ਲਈ ਵਡੀਆਂ ਬੱਸਾਂ, ਮਿਨੀ ਬੱਸਾਂ, ਟੈਕਸੀਆਂ ਤੇ ਸਕੂਟਰ ਮਿਲ ਜਾਂਦੇ ਹਨ। ਨਵੀਂ ਦਿੱਲੀ ਦੀਆਂ ਬਹੁਤ ਚੌੜੀਆਂ ਸੜਕਾਂ, ਬਹੁ-ਮੰਜ਼ਲੀ ਉਚੀਆਂ ਇਮਾਰਤਾਂ, ਖੁਲ੍ਹੇ ਘਾਹ ਦੇ ਮੈਦਾਨ ਤੇ ਬਾਗ ਬਗੀਚੇ ਵੇਖਕੇ ਇਉਂ ਜਾਪਦਾ ਹੈ, ਜਿਵੇਂ ਅਸੀਂ ਕਿਸੇ ਸਵੱਰਗ ਲੋਕ ਦੀ ਯਾਤਰਾ ਕਰ ਰਹੇ ਹੋਈਏ।

### ਤਿੰਨ ਮੂਰਤੀ :

ਨਵੀਂ ਦਿੱਲੀ ਵਿਚ ਤਿੰਨ ਮੂਰਤੀ ਦੇ ਇਕ ਬਹੁਤ ਵਡੇ ਬੰਗਲੇ ਵਿਚ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਰਿਹਾ ਕਰਦੇ ਸਨ। ਉਹ ਬੱਚਿਆਂ ਨੂੰ ਬੜਾ ਪਿਆਰ ਕਰਦੇ ਸਨ ਤੇ ਬੱਚੇ ਵੀ ਉਨ੍ਹਾਂ ਨੂੰ ਪਿਆਰ ਨਾਲ ਚਾਚਾ ਨਹਿਰੂ ਕਿਹਾ ਕਰਦੇ ਸਨ। ਉਨ੍ਹਾਂ ਦੀ ਮ੍ਰਿਤੂ ਮਗਰੋਂ ਇਸ ਅਸਥਾਨ ਨੂੰ ਉਨ੍ਹਾਂ ਦੀ ਯਾਦ ਵਿਚ ਨਹਿਰੂ ਮਿਊਜ਼ੀਅਮ ਬਣਾ ਦਿਤਾ ਗਿਆ ਹੈ। ਸਾਹਮਣੇ ਵਡੇ ਗੇਟ

ਤੋਂ ਲੰਘ ਕੇ ਅਸੀਂ ਤਿੰਨ ਮੂਰਤੀ ਅੰਦਰ ਪਹੁੰਚਦੇ ਹਾਂ । ਇਕ ਪਾਸੇ ਲਾਇਬ੍ਰੇਰੀ ਹੈ । ਬਾਕੀ ਦੇ ਕਮਰਿਆਂ ਵਿਚ ਨਹਿਰੂ ਜੀ ਦੀਆਂ ਯਾਦਗਾਰੀ ਵਸਤੂਆਂ ਹਨ । ਉਨ੍ਹਾਂ ਦੀਆਂ ਨਿਜੀ ਵਰਤੋਂ ਦੀਆਂ ਚੀਜ਼ਾਂ ਤੇ ਉਹ ਤੋਹਫੇ, ਜੋ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਚੋਂ ਪ੍ਰਾਪਤ ਹੋਏ ਸਨ, ਇਥੇ ਹੀ ਸੰਭਾਲ ਕੇ ਰਖੇ ਗਏ ਹਨ ।

ਸਾਹਮਣੇ ਨਹਿਰੂ ਜੀ ਦੀ ਵਡੀ ਫੋਟੋ ਵਿਖਾਈ ਦੇਂਦੀ ਹੈ । ਕਿੰਨੇ ਹਰਮਨ ਪਿਆਰੇ ਸਨ ਸਾਡੇ ਨਹਿਰੂ ਜੀ। ਉਹ ਪੂਰੇ 17 ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਉਦੋਂ ਉਹ ਇਸੇ ਭਵਨ ਵਿਚ ਰਹਿੰਦੇ ਰਹੇ । ਇਸ ਭਵਨ ਵਿਚ ਨਹਿਰੂ ਜੀ ਦਾ ਸੌਣ ਵਾਲਾ ਕਮਰਾ, ਪੜ੍ਹਨ ਦਾ ਕਮਰਾ ਤੇ ਬਾਕੀ ਕਮਰੇ ਉਸੇ ਤਰ੍ਹਾਂ ਰਹਿਣ ਦਿਤੇ ਗਏ ਹਨ ਜਿਵੇਂ ਉਨ੍ਹਾਂ ਦੇ ਜੀਉਂਦਿਆਂ ਸਨ ।

**ਚਿੜੀਆ ਘਰ :**

ਇਹ ਚਿੜੀਆ ਘਰ ਪੁਰਾਣੇ ਕਿਲ੍ਹੇ ਦੇ ਨਾਲ ਲਗਦਾ ਹੈ, ਆਓ, ਚਿੜੀਆ ਘਰ ਨੂੰ ਵੇਖਣ ਲਈ ਟਿਕਟ ਲਈਏ ।

ਟਿਕਟ ਲੈਣ ਤੋਂ ਬਾਦ ਹੁਣ, ਅਸੀਂ ਚਿੜੀਆ ਘਰ ਅੰਦਰ ਪਹੁੰਚ ਗਏ ਹਾਂ । ਇਧਰ ਆਓ, ਇਸ ਪਾਸੇ ਰੰਗ ਬਰੰਗੇ ਪੰਛੀ ਪਿੰਜਰਿਆਂ ਵਿਚ ਬੰਦ ਹਨ । ਤੋਤਾ, ਮੈਨਾ, ਕਾਂ, ਮੋਰ, ਚਿੜੀਆਂ, ਬੁਲਬੁਲ, ਨੀਲ ਕੰਠ, ਤਿਤਰ ਉਲੂ ਆਦਿ । ਇਹ ਕਿਵੇਂ ਨਚਦੇ ਟਪਦੇ ਹਨ । ਇਥੇ ਮਿਠੇ ਗੀਤ ਗਾਉਣ ਵਾਲੀ ਕੋਇਲ ਵੀ ਹੈ ਤੇ ਕਾਂ ਕਾਂ ਕਰਨ ਵਾਲਾ ਕਾਲਾ ਕਾਂ ਵੀ ।'' ਇਥੇ ਚਿਟੇ ਰੰਗ ਦੇ ਕਾਂ ਵੀ ਹਨ ।

ਸਭ ਪੰਛੀਆਂ ਲਈ ਆਪੋ ਆਪਣੇ ਟਿਕਾਣੇ ਤੇ ਖਾਣਾ, ਦਾਣਾ ਤੇ ਪੀਣ ਲਈ ਪਾਣੀ ਰਖਿਆ ਹੋਇਆ ਹੈ । ਪਾਣੀ ਵਿਚ ਰਹਿਣ ਵਾਲੇ ਜਾਨਵਰਾਂ ਲਈ ਔਹ ਸਾਹਮਣੇ ਝੀਲ ਬਣੀ ਹੋਈ ਹੈ । ਇਸ ਵਿਚ ਸਾਰਸ, ਬਗਲੇ ਪਾਣੀ ਵਿਚ ਰਹਿਣ ਵਾਲੀਆਂ ਮੁਰਗਾਬੀਆਂ ਮੌਜੂਦ ਹਨ । ਇਹ ਪਾਣੀ ਚੋਂ ਮਛਲੀਆਂ ਢੂੰਡ ਕੇ ਖਾ ਰਹੇ ਹਨ ।

ਬਚਿਓ ! ਇਧਰ ਆਓ ਹੁਣ ਪਸ਼ੂਆਂ ਦੇ ਵਾੜੇ ਵੇਖੀਏ ਇਨ੍ਹਾਂ ਵਿਚ ਹਿਰਨ, ਖਰਗੋਸ਼, ਬਾਰਾਂ ਸਿੰਘੇ, ਬਾਂਦਰ, ਲੰਗੂਰ ਆਦਿ ਬੰਦ ਹਨ । ਔਹ ਸਾਹਮਣੇ ਕਈ ਤਰ੍ਹਾਂ ਦੀਆਂ ਬਿਲੀਆਂ ਹਨ । ਇਸ ਪਾਸੇ ਅਗੇ ਲੰਬੀ ਗਰਦਨ ਵਾਲਾ ਹਿਰਨ ਨਾਲ ਮਿਲਦਾ ਜੁਲਦਾ ਜਾਨਵਰ ਕੰਗਾਰੂ ਹੈ । ਇਹ ਆਸਟਰੇਲੀਆ ਵਿਚ ਪਾਇਆ ਜਾਂਦਾ ਹੈ ।

ਉਧਰ ਸਾਹਮਣੇ ਸ਼ੇਰ, ਚੀਤਾ, ਰਿੱਛ ਆਦਿ ਜੰਗਲੀ ਜਾਨਵਰਾਂ ਦੇ ਘਰ ਹਨ । ਵੇਖੋ ਕਿੱਡੇ ਵਡੇ ਹਾਥੀ ਵੀ ਇਥੇ ਮੌਜੂਦ ਹਨ ।

ਬਚਿਓ : ਹੁਣ ਤੁਸੀਂ ਥਕ ਗਏ ਹੋਵੋਗੇ, ਇਸ ਲਈ ਘਾਹ ਤੇ ਬੈਠ ਕੇ ਥੋੜ੍ਹਾ ਆਰਾਮ ਕਰ ਲਈਏ ਇਸ ਤੋਂ ਬਾਦ ਆਪਣੀ ਯਾਤਰਾ ਅੱਗੇ ਕਰਾਂਗੇ ।

**ਬਾਲ ਭਵਨ :**

ਬੱਚਿਆਂ ਦੀ ਦਿੱਲੀ ਯਾਤਰਾ ਉਦੋਂ ਤਕ ਸਫਲ ਨਹੀਂ ਹੋ ਸਕਦੀ, ਜਦੋਂ ਤਕ ਉਹ ਆਪਣੇ

ਬਾਲ ਭਵਨ ਦੇ ਦਰਸ਼ਨ ਨਾ ਕਰਨ । ਬਾਲ ਭਵਨ ਵਿਚ ਦਿੱਲੀ ਤੇ ਦਿੱਲੀ ਤੋਂ ਬਾਹਰ ਦੇ ਬਾਲ ਜ਼ਰੂਰ ਪਹੁੰਚਦੇ ਹਨ । ਸਾਡੇ ਨਾਲ ਹੀ ਵੇਖੋ ਕਿੰਨੇ ਮੁੰਡੇ ਤੇ ਕੁੜੀਆਂ ਬਸ ਚੋਂ ਬਾਲ ਭਵਨ ਵਿਚ ਜਾਣ ਲਈ ਉਤਰੇ ਹਨ । ਇਹ ਕਿਸੇ ਹੋਰ ਪ੍ਰਾਂਤ ਤੋਂ ਆਏ ਹਨ । ਰੰਗ ਬਰੰਗੇ ਕਪੜੇ ਪਹਿਨੀ ਕਈਆਂ ਦੇ ਹੱਥ ਵਿਚ ਫੁੱਲ ਵੀ ਹਨ ਤੇ ਗਲ ਵਿਚ ਥੈਲੇ ਲਟਕੇ ਹੋਏ ਹਨ । ਕੁਝ ਅਧਿ-ਆਪਕ ਅਧਿਆਪਕਾਵਾਂ ਵੀ ਇਨ੍ਹਾਂ ਦੇ ਨਾਲ ਹਨ । ਬਾਲ ਭਵਨ ਵਿਚ ਕਈ ਪ੍ਰਕਾਰ ਦੀਆਂ ਖੇਡਾਂ ਦਾ ਵੀ ਪ੍ਰਬੰਧ ਹੈ । ਇਥੇ ਗਾਣ ਵਜਾਣ, ਹਸਣ ਖੇਡਣ, ਤੇ ਚਿਤਰਕਾਰੀ ਆਦਿ ਦੇ ਕੰਮਾਂ ਵਿਚ ਬੱਚੇ ਹਿਸਾ ਲੈ ਸਕਦੇ ਹਨ । ਔਹ ਸਾਹਮਣੇ ਇਕ ਸੰਗ੍ਰਾਲਯ ਵੀ ਹੈ, ਜਿਥੇ ਬੱਚਿਆਂ ਦੀਆਂ ਬਣੀਆਂ ਹੋਈਆਂ ਵਸਤਾਂ ਮੌਜੂਦ ਹਨ । ਅਗੇ ਚਲਕੇ ਅਸੀਂ ਵੇਖਦੇ ਹਾਂ ਕਿ ਇਕ ਗਡੀ ਆ ਰਹੀ ਹੈ । ਇਹ ਬਚਿਆਂ ਦੀ ਰੇਲ ਗਡੀ ਹੈ । ਟਿਕਟ ਵੰਡਣ ਵਾਲੇ ਤੋਂ ਲੈ ਕੇ ਗਡੀ ਡਰਾਈਵਰ ਤਕ ਸਭ ਬੱਚੇ ਹੀ ਹਨ । ਇਸ ਸਟੇਸ਼ਨ ਦਾ ਸਾਰਾ ਪ੍ਰਬੰਧ ਹੀ ਬੱਚੇ ਕਰਦੇ ਹਨ, ਸਾਡੇ ਨਾਲ ਆਏ ਬੱਚੇ ਆਪਣੇ ਟਿਕਟ ਲੈ ਕੇ ਰੇਲ ਗਡੀ ਦੇ ਇਕ ਡਬੇ ਵਿਚ ਬੈਠ ਗਏ ਹਨ । ਅਸੀਂ ਵੀ ਇਸ ਤੇ ਸਵਾਰੀ ਕਰਨੀ ਹੈ । ਸਾਡੇ ਬੈਠਦਿਆਂ ਸਾਰ ਹੀ ਗਡੀ ਸੀਟੀ ਮਾਰ ਕੇ ਤੁਰ ਪਈ । ਰਸਤੇ ਵਿਚ ਇਹ ਗਡੀ ਇਕ ਪੁਲ ਹੇਠੋਂ ਤੇ ਇਕ ਸੁਰੰਗ ਵਿਚੋਂ ਹੋ ਕੇ ਲੰਘੀ, ਤਾਂ ਬਚੇ ਤਾੜੀਆਂ ਮਾਰ ਮਾਰ ਨਚਣ ਲਗ ਪਏ । ਹੁਣ ਰੇਲ ਗਡੀ ਆਪਣੇ ਸਟੇਸ਼ਨ ਤੇ ਵਾਪਸ ਪਰਤ ਆਈ ਹੈ । ਵੇਖਿਆ, ਬਚਿਆਂ ਲਈ ਬਾਲ ਭਵਨ ਕਿੰਨੇ ਮਨੋਰੰਜਨ ਦਾ ਸਾਧਨ ਹੈ ।

### ਪਾਠ—ਦਸਵਾਂ

## ਦਿੱਲੀ ਵਾਸੀ

ਦਿੱਲੀ ਦੇਸ਼ ਦੀ ਰਾਜਧਾਨੀ ਹੈ, ਇਸ ਲਈ ਇਥੇ ਹਰ ਪ੍ਰਾਂਤ ਦੇ ਲੋਕ ਵੱਖੋ-ਵੱਖ ਬੋਲੀਆਂ ਬੋਲਦੇ, ਭਾਂਤ ਭਾਂਤ ਦੇ ਲਿਬਾਸ ਪਹਿਨੀ ਨਜ਼ਰ ਆਉਂਦੇ ਹਨ । ਆਮ ਮਜ਼ਦੂਰ ਧੋਤੀ ਕੁਰਤਾ ਪਹਿਨੀ ਮਿਲਣਗੇ ਤਾਂ ਕਾਲਜਾਂ ਦੀਆਂ ਕੁੜੀਆਂ ਬੈਲਬਾਟਮ ਤੇ ਟਾਪ ਪਾਈ ਮਿਲਣਗੀਆਂ । ਪਗੜੀ ਕਮੀਜ਼ ਤੇ ਕੁਰਤਾ ਵੀ ਲੋਕੀ ਪਹਿਨਦੇ ਹਨ ਤੇ ਸਲਵਾਰ ਧੋਤੀ ਤੇ ਪੈਂਟ ਵੀ । ਇਸਤਰੀਆਂ ਸਾੜ੍ਹੀ ਤੇ ਬਲਾਊਜ਼ ਅਤੇ ਕਮੀਜ਼ ਸਲਵਾਰ ਪਹਿਨਦੀਆਂ ਹਨ । ਜਦੋਂ ਅਸੀਂ ਚਾਂਦਨੀ ਚੌਂਕ ਚੋਂ ਲੰਘ ਰਹੇ ਸਾਂ ਤਾਂ ਕਿੰਨੇ ਵਖੋ-ਵਖ ਪਹਿਰਾਵੇ ਨਜ਼ਰ ਆਏ ਸਨ ਤੇ ਜਦ ਕਨਾਟ ਪਲੇਸ ਦਾ ਨਜ਼ਾਰਾ ਵੇਖਣ ਗਏ ਤਾਂ ਦੂਜੇ ਦੇਸ਼ਾਂ ਦੇ ਲੋਕੀ ਵੀ ਵੇਖਣ ਨੂੰ ਮਿਲੇ । ਹੁਣ ਤਾਂ ਗੋਰੇ ਮਰਦ ਇਸਤਰੀਆਂ ਵੀ ਧੋਤੀ ਕੁਰਤਾ ਪਹਿਨਣ ਲਗ ਪਏ ਹਨ । ਦਿੱਲੀ ਵਿਚ ਅੰਗਰੇਜ਼ੀ, ਹਿੰਦੀ, ਪੰਜਾਬੀ, ਗੁਜਰਾਤੀ, ਤਾਮਿਲ, ਬੰਗਾਲੀ, ਮਰਾਠੀ, ਮਲਿਆਲਮ ਆਦਿ ਦੇਸ਼ਾਂ ਦੀਆਂ ਭਿੰਨ ਭਿੰਨ ਜ਼ੁਬਾਨਾਂ ਬੋਲਣ ਵਾਲੇ ਬੰਦੇ ਮਿਲ ਜਾਂਦੇ ਹਨ ।

ਦਿੱਲੀ ਵਿਚ ਬੜੀ ਭਾਰੀ ਗਿਣਤੀ ਵਿਚ ਮੰਦਰ, ਮਸਜਦ ਗੁਰਦੁਆਰੇ ਤੇ ਗਿਰਜਾ ਘਰ ਹਨ, ਜਿਥੇ ਵਖੋ ਵਖ ਧਰਮਾਂ ਵਾਲੇ ਆਪਣੇ ਢੰਗ ਨਾਲ ਪੂਜਾ ਪਾਠ ਕਰਦੇ ਹਨ । ਇਥੇ ਲੋਹੜੀ, ਦੀਵਾਲੀ ਵਿਸਾਖੀ ਆਦਿ ਤਿਉਹਾਰ ਬੜੀ ਸ਼ਾਨ ਨਾਲ ਮਨਾਏ ਜਾਂਦੇ ਹਨ । ਇਸੇ ਤਰ੍ਹਾਂ ਇਥੇ ਗੁਰਪੁਰਬ ਤੇ ਈਦ ਤੇ ਦੂਜੇ ਮਤ-ਮਤਾਂਤਰਾਂ ਦੇ ਪੁਰਬ ਵੀ ਮਨਾਏ ਜਾਂਦੇ ਹਨ । ਦਿੱਲੀ ਨਾਲ ਲਗਦੇ ਹਰਿਆਣਾ ਯੂ. ਪੀ. ਦੇ ਪ੍ਰਾਂਤਾਂ ਤੋਂ ਬਹੁਤ ਸਾਰੇ ਲੋਕੀ ਦਿੱਲੀ ਦੇ ਦਫ਼ਤਰਾਂ ਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਆਉਂਦੇ ਹਨ ।

ਦਿੱਲੀ ਵਿਚ ਬਹੁਤ ਸਾਰੇ ਵੱਡੇ ਛੋਟੇ ਕਾਰਖਾਨੇ ਹਨ । ਦਿੱਲੀ ਵਿਚ ਸੂਤੀ ਕਪੜੇ ਦੀਆਂ ਕਈ ਛੋਟੀਆਂ ਵਡੀਆਂ ਮਿਲਾਂ ਹਨ । ਇਥੇ ਜੁਰਾਬਾਂ, ਦਰੀਆਂ, ਬਨੈਣਾਂ, ਸੂਤੀ ਤੇ ਰੇਸ਼ਮੀ ਕਪੜੇ ਬਣਦੇ ਹਨ । ਹੁਣ ਤਾਂ ਦਿੱਲੀ ਵਿਚ ਫਰਿਜ, ਟੈਲੀਵੀਜ਼ਨ, ਰੇਡੀਓ, ਸਿਲਾਈ ਦੀਆਂ ਮਸ਼ੀਨਾਂ ਸਾਈਕਲਾਂ ਆਦਿ ਵੀ ਤਿਆਰ ਹੁੰਦੇ ਹਨ ਜੋ ਦਿੱਲੀ ਤੋਂ ਬਾਹਰ ਵੀ ਭੇਜੇ ਜਾਂਦੇ ਹਨ ।

ਬੱਚਿਆਂ ਲਈ ਸੁੰਦਰ ਖਿਡਾਉਣੇ, ਗੱਡੀਆਂ, ਮੋਟਰਾਂ, ਰੇਲਾਂ, ਹਵਾਈ ਜਹਾਜ਼ ਆਦਿ ਵੀ

ਬਣਦੇ ਹਨ ਜਿਨ੍ਹਾਂ ਨੂੰ ਬੱਚੇ ਆਪਣੇ ਮਨੋਰੰਜਨ ਲਈ ਵਰਤ ਕੇ ਬੜੇ ਖੁਸ਼ ਹੁੰਦੇ ਹਨ ।

ਚੀਨੀ ਤੇ ਮਿੱਟੀ ਦੇ ਬਰਤਨ ਵੀ ਇਥੇ ਬਣਦੇ ਹਨ । ਚੀਨੀ ਦੇ ਪਿਆਲੇ, ਪਲੇਟਾਂ, ਚਾਹ-ਦਾਨੀਆਂ, ਮਰਤਬਾਨ ਆਦਿ ਦਿੱਲੀ ਵਿਚ ਬਹੁਤ ਗਿਣਤੀ ਵਿਚ ਬਣਦੇ ਹਨ ।

ਇਨ੍ਹਾਂ ਕਾਰਖਾਨਿਆਂ ਲਈ ਪ੍ਰਸਿੱਧ ਹਨ, ਦਿੱਲੀ ਦੀਆਂ ਕਈ ਬਸਤੀਆਂ ਓਖਲਾ ਤੇ ਨਜਫ-ਗੜ੍ਹ ਪ੍ਰਸਿਧ ਹਨ ।

ਦਿੱਲੀ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸਕੂਲ ਹਨ ਤੇ ਕਈ ਦਰਜਨਾਂ ਕਾਲਜ । ਦੋ ਬਹੁਤ ਵੱਡੇ ਵਿਸ਼ਵ ਵਿਦਿਆਲੇ ਹਨ । ਦਿੱਲੀ ਯੂਨੀਵਰਸਿਟੀ ਤੇ ਨਹਿਰੂ ਯੂਨੀਵਰਸਿਟੀ, ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀ ਪੜ੍ਹਦੇ ਹਨ ।

ਦਿੱਲੀ ਦੀ ਜਨਤਾ ਲਈ ਦਿੱਲੀ ਵਿਚ ਕਈ ਵੱਡੇ ਹਸਪਤਾਲ ਹਨ, ਜਿਵੇਂ ਆਲ ਇੰਡੀਆ ਮੈਡੀਕਲ ਇਨਸਟੀਚਿਊਟ, ਸਫਦਰ ਜੰਗ ਹਸਪਤਾਲ, ਰਾਮ ਮਨੋਹਰ ਲੋਹੀਆ ਹਸਪਤਾਲ, ਤੀਰਥ ਹਸਪਤਾਲ, ਇਰਵਨ ਹਸਪਤਾਲ ਤੇ ਲੇਡੀ ਹਾਰਡਿੰਗ ਹਸਪਤਾਲ ਆਦਿ ।

ਦਿੱਲੀ ਦੇ ਕਈ ਵੱਡੇ ਵੱਡੇ ਬਜ਼ਾਰ ਹਨ ਜਿਵੇਂ ਚਾਂਦਨੀ ਚੌਕ, ਚੌੜਾ ਬਜ਼ਾਰ, ਨਵੀਂ ਸੜਕ, ਸਦਰ ਬਜ਼ਾਰ, ਕੰਨਾਟ ਪਲੇਸ, ਤੇ ਕਰੋਲ ਬਾਗ਼ ਆਦਿ । ਇਥੇ ਸਭ ਲੋੜੀਂਦੀਆਂ ਵਸਤਾਂ ਪ੍ਰਾਪਤ ਹੋ ਜਾਂਦੀਆਂ ਹਨ ।

ਬੱਚਿਓ ! ਅਸੀਂ ਦਿੱਲੀ ਦੀਆਂ ਮਨੋਰੰਜਕ ਥਾਵਾਂ, ਇਤਿਹਾਸਿਕ ਇਮਾਰਤਾਂ ਬਾਗ਼ ਬਗੀ-ਚਿਆਂ ਤੇ ਵੱਡੇ ਵੱਡੇ ਬਜ਼ਾਰਾਂ ਦੀ ਖੂਬ ਸੈਰ ਕੀਤੀ ਹੈ, ਹੁਣ ਸਾਡੀ ਦਿੱਲੀ ਦੀ ਯਾਤਰਾ ਸੰਪੂਰਨ ਹੋ ਗਈ ਹੈ ।

National Library, Calcutta.
Delivery of Book Act., 1954

## ਕਾਂਡ ਗਿਆਰ੍ਹਵਾਂ

# ਦਿੱਲੀ ਬਾਰੇ ਹੋਰ ਜਾਣਕਾਰੀ

ਪੁਰਾਣੇ ਸਮੇਂ ਵਿਚ ਦਿੱਲੀ ਬਾਰੇ ਇਹ ਆਮ ਵਿਚਾਰ ਸੀ ਕਿ ਇਸ ਦੇ ਇਰਦ ਗਿਰਦ ਬਹੁਤ ਵਡਾ ਜੰਗਲ ਸੀ ਜਿਥੇ ਚਪੇ ਚਪੇ ਤੇ ਜੰਗਲੀ ਜਾਨਵਰ ਤੇ ਖਾਸ ਕਰ ਸ਼ੇਰ ਮਿਲਦੇ ਸਨ ਤੇ ਕਦਮ ਕਦਮ ਤੇ ਸਾਧੂ ਧੂਣੀ, ਰਮਾਈ ਬੈਠੇ ਸਨ, ਪਰ ਇਹ ਪੁਰਾਣੀਆਂ ਗੱਲਾਂ ਹਨ। ਹੁਣ ਤਾਂ ਦਿੱਲੀ ਵਿਸ਼ੇਸ਼ ਕਰਕੇ ਨਵੀਂ ਦਿੱਲੀ ਦੁਨੀਆਂ ਦਾ ਅਤਿ ਸੁੰਦਰ ਸ਼ਹਿਰ ਹੈ। ਸਾਫ ਸੁਥਰੀਆਂ ਚੌੜੀਆਂ ਸੜਕਾਂ ਤੇ ਸੜਕਾਂ ਕਿਨਾਰੇ ਉਚੇ ਉਚੇ ਬ੍ਰਿਛ ਤੇ ਸੁੰਦਰ ਕਈ ਮੰਜ਼ਲੀ ਇਮਾਰਤਾਂ ਵਿਦੇਸ਼ੀ ਯਾਤਰੀ ਜੋ ਭਾਰਤ ਦੇ ਬਹੁਤ ਪ੍ਰਸਿਧ ਅਸਥਾਨ ਕਸ਼ਮੀਰ ਸ਼ਿਮਲਾ, ਆਗਰਾ, ਕੁਲੂ ਮਨਾਲੀ, ਜੈਪੁਰ, ਖਜਰਾਹੋ ਬਨਾਰਸ ਆਦਿ ਵੇਖਣ ਆਉਂਦੇ ਹਨ। ਉਹ ਸਭ ਤੋਂ ਪਹਿਲਾਂ ਦਿੱਲੀ ਦੇ ਹੀ ਦਰਸ਼ਨ ਕਰਦੇ ਹਨ।

ਇਸ ਸਮੇਂ ਦਿੱਲੀ ਦਾ ਖੇਤਰਫਲ 1478 ਵਰਗ ਕਿਲੋਮੀਟਰ ਹੈ। ਅਬਾਦੀ ਨਵੀਂ ਜਨ-ਗਣਨਾ ਅਨੁਸਾਰ 70 ਲੱਖ ਦੇ ਕਰੀਬ ਹੈ। ਸਤਾਂ ਸਮੁੰਦਰ ਤੋਂ ਦਿੱਲੀ 238 ਮੀਟਰ ਉਚੀ ਹੈ। ਗਰਮੀ ਵਿਚ ਬਹੁਤ ਗਰਮ ਤਾਪਮਾਨ 43 ਸੈਂਟੀ ਗਰੇਡ ਜਾਂ 108 ਫਾਰਨਹੀਟ ਤਕ ਚਲਾ ਜਾਂਦਾ ਹੈ। ਸਰਦੀ ਵਿਚ ਸਖਤ ਸਰਦੀ ਤੇ ਤਾਪਮਾਨ 33 ਸੈਂਟੀਗਰੇਡ ਜਾਂ 93 ਫਾਰਨਹੀਟ ਹੁੰਦਾ ਹੈ। ਦਿੱਲੀ ਲਈ ਵਧੀਆ ਮੌਸਮ ਅਕਤੂਬਰ ਤੋਂ ਮਾਰਚ ਠੀਕ ਹੁੰਦਾ ਹੈ।

ਦਿੱਲੀ ਵਿਚ ਹਰ ਭਾਸ਼ਾ-ਬੋਲੀ ਜਾਂਦੀ ਹੈ, ਹਰ ਜਾਤ ਤੇ ਧਰਮ ਦੇ ਬੰਦੇ ਮਿਲ ਜਾਂਦੇ ਹਨ। ਪੁਰਾਣੀ ਦਿੱਲੀ ਵਿਖੇ ਹਰ ਮਹੱਲੇ ਵਿਚ ਮਸਜਦਾਂ, ਮੰਦਰ, ਗੁਰਦੁਆਰੇ, ਤੇ ਚਰਚ ਹਨ। ਨਵੀਂ ਦਿੱਲੀ ਦੀਆਂ ਨਵੀਨ ਬਸਤੀਆਂ ਵਿਚ ਗੁਰਦੁਆਰੇ ਤੇ ਮੰਦਰ ਆਮ ਹਨ। ਹਿੰਦੀ, ਪੰਜਾਬੀ, ਉਰਦੂ ਤੇ ਅੰਗਰੇਜ਼ੀ ਦਿੱਲੀ ਦੀਆਂ ਪ੍ਰਮੁਖ ਬੋਲੀਆਂ ਹਨ।

ਦਿੱਲੀ ਰੇਲ ਤੇ ਬੱਸ ਨਾਲ ਲਗਭਗ ਸਾਰੇ ਭਾਰਤ ਨਾਲ ਜੁੜੀ ਹੋਈ ਹੈ। ਦਿੱਲੀ ਦੇ ਪ੍ਰਮੁਖ ਅਸਥਾਨ ਵੇਖਣ ਲਈ ਟੈਕਸੀ, ਸਕੂਟਰ ਤੇ ਬੱਸਾਂ ਆਮ ਮਿਲ ਜਾਂਦੀਆਂ ਹਨ। ਸਰਕਾਰੀ ਤੇ ਗੈਰ-ਸਰਕਾਰੀ ਕੰਪਨੀਆਂ ਵਲੋਂ ਪ੍ਰਦੇਸੀ ਯਾਤਰੀਆਂ ਨੂੰ ਦਿੱਲੀ ਦੀ ਸੈਰ ਕਰਾਉਣ ਲਈ ਬਸੀਆਂ

ਖੂਬਸੂਰਤ ਤੇ ਅਰਾਮਦੇਹ (ਡੀਲਕਸ) ਬਸਾਂ ਬਣੀਆਂ ਹੋਈਆਂ ਹਨ ਜੋ ਯਾਤਰੂਆਂ ਨੂੰ ਲਾਲ ਕਿਲ੍ਹਾ, ਚਿੜੀਆ ਘਰ, ਹਮਾਯੂੰ ਦਾ ਮਕਬਰਾ, ਜੰਤਰ ਮੰਤਰ, ਇੰਡੀਆ ਗੇਟ, ਕੁਤਬ ਮੀਨਾਰ, ਲਕਸ਼ਮੀ ਨਰਾਇਣ ਮੰਦਰ, ਫੀਰੋਜ਼ਸ਼ਾਹ ਕੋਟਲਾ, ਰਾਜ ਘਾਟ, ਸ਼ਾਂਤੀਵਨ, ਵਿਜੇ ਘਾਟ, ਜਾਮਾ ਮਸਜਦ, ਡਾਲਜ਼ ਮਿਊਜ਼ੀਅਮ ਤਿੰਨ ਮੂਰਤੀ, ਗਾਂਧੀ ਦਰਸ਼ਨ ਪ੍ਰਦਰਸ਼ਨੀ, ਤੁਗਲਕਾਬਾਦ, ਸੂਰਜ ਕੁੰਡ, ਬੁੱਧਾ ਗਾਰਡਨ ਆਦਿ ਤੇ ਮੁਗਲ ਗਾਰਡਨ ਆਦਿ ਵਿਖਾਂਦੀਆਂ ਹਨ। ਇਸ ਤਰ੍ਹਾਂ ਸਾਰੀ ਦਿੱਲੀ ਦੀ ਸੈਰ ਵੀ ਹੋ ਜਾਂਦੀ ਹੈ। ਉਪਰੋਕਤ ਇਤਿਹਾਸਕ ਅਸਥਾਨ ਵਿਖਾਉਣ ਲਈ ਗਾਈਡ ਵੀ ਮਿਲ ਜਾਂਦੇ ਹਨ ਜੋ ਬੜੇ ਵਚਿਤਰ ਢੰਗ ਨਾਲ ਹਰ ਥਾਂ ਦਾ ਇਤਿਹਾਸ ਤੇ ਮਹੱਤਤਾ ਦਰਸਾਂਦੇ ਹਨ। ਅਸੀਂ ਉਪਰੋਕਤ ਸਾਰੀਆਂ ਇਤਿਹਾਸਕ ਥਾਵਾਂ ਦੀ ਖੂਬ ਯਾਤਰਾ ਕੀਤੀ ਹੈ। ਅਸੀਂ ਜਾਣਦੇ ਹਾਂ ਕਿ ਸਾਡੀ ਯਾਤਰਾ ਕਿੰਨੀ ਦਿਲਚਸਪ ਰਹੀ, ਸਾਡੇ ਗਿਆਨ ਵਿਚ ਵੀ ਵਾਧਾ ਹੋਇਆ ਤੇ ਮਨੋਰੰਜਨ ਵੀ ਹੋਇਆ। ਬਚਿਓ ਤੁਹਾਨੂੰ ਯਾਦ ਹੋਵੇਗਾ ਕਿ ਜਦ ਅਸੀਂ ਚਿੜੀਆ ਘਰ ਜਾਨਵਰਾਂ ਨੂੰ ਵੇਖ ਰਹੇ ਸਾਂ ਤਾਂ ਬ੍ਰਿਛਾਂ ਤੇ ਟਪੂਸੀਆਂ ਮਾਰਦੇ ਬਾਂਦਰ ਕਿਵੇਂ ਸਾਨੂੰ ਚਿੜਾਂਦੇ ਸਨ ਤੇ ਜਦ ਬੱਚੇ ਉਨ੍ਹਾਂ ਵੱਲ ਖਾਣ ਦੀ ਚੀਜ਼ ਸੁਟਦੇ ਸਨ ਤਾਂ ਕਿੰਨੀ ਫੁਰਤੀ ਨਾਲ ਉਹ ਚੀਜ਼ ਚੁਕ ਲੈਂਦੇ ਸਨ ਤੇ ਸਾਨੂੰ ਹਮਦਰਦ ਸਮਝਕੇ ਮੁਸਕਰਾਂਦੇ ਵੀ ਖੂਬ ਸਨ।